੧ ੴ ਵਾਹਿਗੁਰੂ ਜੀ ਕੀ ਫ਼ਤਹ ॥

"ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥"
"ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥"
"ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸ਼ਟ ਅਹੰਕਰਣੁ ਮਾਰਿਆ ॥"

ਗੁਰਮਤਿ ਪ੍ਰਚਾਰਕ ਮਾਸਕ ਪੱਤਰ—


# ਸੂਰਾ

ਪ੍ਰਤੀ ਕਾਪੀ
੫੦ ਪੈਸੇ

ਚੰਦਾ ਸਾਲਾਨਾ—ਦੇਸ ਪੰਜ ਰੁਪੈ
" ਪ੍ਰਦੇਸ ਸਤ ਰੁਪੈ

[ਸ੍ਰੀ ਅੰਮ੍ਰਿਤਸਰ] ਜੂਨ ੧੯੬੬

## ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਜੀ



ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸੇਵਾ ਸਤਿਗੁਰੂ ਸਚੇ ਪਾਤਿਸ਼ਾਹ ਨੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਤੋਂ ਸੰ: ੧੮੮੭ ਵਿਚ ਕਰਵਾਈ, ਜਿਨ੍ਹਾਂ ਦੀ ਬਰਸੀ ੨੮ ਜੂਨ ੧੯੬੬ ਨੂੰ ਮਨਾਈ ਜਾ ਰਹੀ ਹੈ (ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦਾ ਜੀਵਨ ਪੜ੍ਹੋ ਅੰਦਰ ਪੰਨਾ ੨੮ ਉਤੇ)

ਸੇਵਕ :

**ਅਖੰਡ ਕੀਰਤਨੀ ਜੱਥਾ, ਪਟਿਆਲਾ**

www.AKJ.Org

# ੴ ਲੇਖ-ਸੂਚੀ ੴ


| ਨੰਬਰ | ਲੇਖ | ਪੰਨਾ | ਲੇਖਕ |
|---|---|---|---|
| ੧. | ਸ੍ਰੀ ਦਸਮੇਸ਼ ਜੀ ਦਾ ਪ੍ਰੇਮ ਪਟੋਲਾ ਕੇਸਕੀ | ੩ | ਐਡੀਟਰ |
| ੨. | ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ | ੫ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੩. | ਸਹਿਜਧਾਰੀ ਕੌਣ ਹੈ ? | ੧੩ | ਭਾਈ ਸਾਹਿਬ ਜੋਗਿੰਦਰ ਸਿੰਘ ਜੀ |
| ੪. | ਸਾਡੇ ਗੁਰਦਵਾਰੇ ਤੇ ਸਾਡੇ ਪਹਿਰਾਵੇ | ੧੬ | ਭਾਈ ਸਾਹਿਬ ਮਨਮੋਹਨ ਸਿੰਘ ਜੀ |
| ੫. | ਜਪੁ-ਸੰਦੇਸ | ੨੧ | ਭਾਈ ਸਾਹਿਬ ਨਰੈਣ ਸਿੰਘ ਜੀ |
| ੬. | ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ | ੨੫ | ਪ੍ਰੋ: ਸਾਹਿਬ ਸਿੰਘ ਜੀ |
| ੭. | ਗੁਰੂ ਗ੍ਰੰਥ ਤੇ ਪੰਥ | ੩੦ | ਭਾਈ ਸਾਹਿਬ ਕ੍ਰਿਪਾਲ ਸਿੰਘ ਜੀ |
| ੮. | ਮਨਮੁਖ ਹਾਰ ਗੁਰਮੁਖ ਸਦ ਜੀਤਿ | ੩੩ | ਭਾਈ ਸਾਹਿਬ ਅਜੀਤ ਸਿੰਘ ਜੀ |
| ੯. | ਡਿੱਠੇ, ਸੁਣੇ ਤੇ ਹਡੀਂ ਵਾਪਰੇ ਬ੍ਰਿਤਾਂਤ | ੩੫ | ਭਾਈ ਸਾਹਿਬ ਭਾਈ ਸੁਰਜਨ ਸਿੰਘ ਜੀ |


(3)

## ਜ਼ਰੂਰੀ ਬੇਨਤੀ

ਖ਼ਾਲਸਾ ਜੀ ! ਇਹ ਪਰਚਾ ਕੇਵਲ ਗੁਰਮਤਿ ਦੇ ਪਰਚਾਰ ਨੂੰ ਮੁਖ ਰਖ ਕੇ ਚਲਾਇਆ ਜਾ ਰਿਹਾ ਹੈ। ਇਸ ਪਰਚੇ ਵਿਚ ਨਿਰੋਲ ਗੁਰਮਤਿ ਬਾਰੇ ਵੀਚਾਰ, ਸਿਖ ਇਤਿਹਾਸ ਸਬੰਧੀ ਪ੍ਰਮਾਣੀਕ ਲੇਖ ਅਤੇ ਸਚਖੰਡ-ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸਮੂੰਹ ਕੀਰਤਨੀ ਜਥਿਆਂ ਦੇ ਜਨਰਲ ਪ੍ਰੋਗਰਾਮ ਛਪਦੇ ਹਨ । ਇਸ ਪਰਚੇ ਵਿਚੋਂ ਕਿਸੇ ਨੂੰ ਕੋਈ ਜ਼ਾਤੀ ਲਾਭ ਨਹੀਂ । ਇਹ ਪਰਚਾ ਆਪ ਸਭ ਦਾ ਸਾਂਝਾ ਹੈ । ਇਹ ਪਰਚਾ ਹਰ ਗੁਰਸਿਖ ਘਰਾਣੇ ਵਿਚ ਪੁਜਣਾ ਲਾਜ਼ਮੀ ਹੈ। ਸੋ ਹਰ ਗੁਰਸਿਖ ਨੂੰ ਜੋ ਇਸ ਪਰਚੇ ਦਾ ਮੈਂਬਰ ਨਹੀਂ ਬਣਿਆ ਛੇਤੀ ਤੋਂ ਛੇਤੀ ਹੇਠ ਲਿਖੇ ਪਤੇ ਤੇ ਪਰਚੇ ਦਾ ਸਾਲਾਨਾ ਚੰਦਾ ਕੇਵਲ ਪੰਜ ਰੁਪੈ ਭੇਜ ਕੇ ਮੈਂਬਰ ਬਣਨਾ ਚਾਹੀਦਾ ਹੈ। ਅਤੇ ਘਟੋ ਘਟ ਪੰਜ, ਪੰਜ ਗਾਹਕ ਹੋਰ ਬਣਾ ਕੇ ਗੁਰਮਤਿ ਦੇ ਪਰਚਾਰ ਵਿਚ ਸਹਾਈ ਹੋਣਾ ਚਾਹੀਦਾ ਹੈ।

ਨੋਟ:– ਜਿਨ੍ਹਾਂ ਗੁਰਸਿੱਖਾਂ ਨੂੰ ਇਹ ਪਰਚਾ ਨਮੂਨੇ ਦੇ ਤੌਰ ਤੇ ਭੇਜਿਆ ਹੈ ਉਨ੍ਹਾਂ ਦੀ ਸੇਵਾ ਵਿਚ ਨਿਮਰਤਾ ਸਹਿਤ ਬਿਨੈ ਹੈ ਕਿ ਆਪੋ ਆਪਣੇ ਚੰਦੇ ਛੇਤੀ ਤੋਂ ਛੇਤੀ ਭੇਜਣ ਦੀ ਕ੍ਰਿਪਾਲਤਾ ਕਰਨ ।

**ਮੈਨੇਜਰ "ਸੂਰਾ"**
**ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ**

www.AKJ.Org

੧ ੴ ਵਾਹਿਗੁਰੂ ਜੀ ਕੀ ਫ਼ਤਹ ॥

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ਸਚਖੰਡਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ
ਸਮੂੰਹ ਕੀਰਤਨੀ ਜੱਥਿਆਂ ਦੀ ਸਰਪ੍ਰਸਤੀ ਹੇਠ

ਗੁਰਮਤਿ ਪ੍ਰਚਾਰਕ ਮਾਸਕ ਪੱਤਰ—

# ਸੂਰਾ

ਸ੍ਰੀ ਅੰਮ੍ਰਿਤਸਰ

ਸਲਾਹਕਾਰ ਬੋਰਡ
ਬਾਊ ਮਲ ਸਿੰਘ ਜੀ
ਭਾਈ ਜੋਗਿੰਦਰ ਸਿੰਘ ਜੀ
ਭਾਈ ਮਹਿੰਦਰ ਸਿੰਘ ਜੀ
ਭਾਈ ਸੇਵਾ ਸਿੰਘ
ਭਾਈ ਅਜੀਤ ਸਿੰਘ
ਭਾਈ ਮਨਮੋਹਨ ਸਿੰਘ

ਆਨਰੇਰੀ ਐਡੀਟਰ
ਗਿ: ਜਸਵੰਤ ਸਿੰਘ
ਬੀ. ਏ., ਬੀ. ਟੀ.

ਜਿਲਦ ਨੰ: ੧ | ਜੇਠ—ਹਾੜ ੪੯੭ ਨਾਨਕ ਸ਼ਾਹੀ | ਅੰਕ ਨੰ: ੫

ਸੰਪਾਦਕੀ—

## ਦਸ਼ਮੇਸ਼ ਜੀ ਦਾ ਬਖਸ਼ਿਆ ਪ੍ਰੇਮ-ਪਟੋਲਾ
## - ਕੇਸਕੀ -

ਮਨੁਖੀ ਸੁੰਦਰ ਸਰੀਰ ਕਰਤਾਰ ਦੀ ਅਮੁੱਲ ਦੇਣ ਹੈ। ਕੇਸ (ਵਾਲ) ਸਰੀਰ ਦਾ ਹੀ ਅੰਗ ਹਨ। ਸੰਸਾਰ ਦੇ ਸਭ ਪੁਰਾਤਨ ਪਰਾਣੀ ਤੇ ਸਭ ਪੈਗੰਬਰ ਵੀ ਕੇਸਾਧਾਰੀ ਹੋਏ ਹਨ। ਸਮੇਂ ਦੇ ਚਕਰ ਨਾਲ ਕੇਸ ਕਟਾਉਣ ਦੀ ਕੁਰੀਤੀ, ਥੋੜੀ ਬਹੁਤ, ਚਾਲੂ ਹੋ ਪਈ। ਗੁਰੂ ਸਾਹਿਬਾਨ ਨੇ ਰੱਬ ਦੀ ਬਖਸ਼ੀ ਸਾਬਤ ਸੂਰਤ ਨੂੰ ਭੰਨ ਕੇ ਬੇਈਮਾਨ (ਅਧਰਮੀ) ਬਣਨ ਤੋਂ ਵਰਜਿਆ। ਦਸਮੇਸ਼ ਪਿਤਾ ਨੇ ਬ-ਈਮਾਨ ਭਾਵ ਧਰਮੀ ਪੁਰਸ਼ਾਂ ਨੂੰ ਕਰਤਾਰ ਦੀ ਬਖਸ਼ੀ ਪਵਿਤਰ ਦਾਤ ਸੀਸ ਦੇ ਕੇਸਾਂ ਨੂੰ ਸੰਭਾਲਣ ਲਈ ਕੇਸਕੀ (ਛੋਟੀ ਦਸਤਾਰ) ਦੀ ਦਾਤ ਦਿਤੀ। ਆਪ ਜੀ ਤੋਂ ਪਹਿਲਾਂ ਹੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਪੰਚਮ ਪਿਤਾ ਰਾਹੀਂ "ਸਾਬਤ ਸੂਰਤ ਦਸਤਾਰ ਸਿਰਾ" ਦਾ ਇਸ਼ਾਰੇਮਈ ਪ੍ਰਤੱਖ ਹੁਕਮਨਾਮਾ ਆ ਢੁੱਕਿਆ ਸੀ। ਸੋ ਜੇ ਕੇਸ ਅਕਾਲ ਪੁਰਖ ਦੀ ਮੋਹਰ ਹਨ ਤਾਂ ਕੇਸਕੀ ਕਲਗੀਧਰ ਪਾਤਸ਼ਾਹ ਦੀ। ਸ਼ਾਹਿ ਸ਼ਹਿਨਸ਼ਾਹ, ਤੁਠੇ ਸੱਚੇ ਪਾਤਸ਼ਾਹ, ਦਸ਼ਮੇਸ਼ ਜੀ ਨੇ ਅੰਮ੍ਰਿਤ ਦੀ ਦਾਤ ਦੇਣ ਸਮੇਂ ਇਹ ਮੋਹਰ ਸਾਡੇ ਸੀਸ ਤੇ ਲਗਾ ਸਾਨੂੰ ਅਪਣਾ ਲਿਆ, ਆਪਣਾ ਬਣਾ ਲਿਆ। ਸਮਰੱਥ ਗੁਰੂ ਨੇ ਬਖਸ਼ਸ਼ਾਂ ਭਰਿਆ ਹਥ ਸਾਡੇ ਸਿਰ ਧਰਿਆ। ਸਾਡੇ ਦੀਨ ਦੁਨੀ ਦੇ ਸਾਈਂ, ਭੂਤ ਭਵਿਖਤ ਦੇ ਦਾਨੇ ਬੀਨੇ ਨੇ ਕਿੰਨਾ ਚੰਗਾ ਕੀਤਾ, ਕਿੰਨਾ ਉਪਕਾਰ ਕੀਤਾ ਇਸ ਬਖਸ਼ਸ਼ ਰਾਹੀਂ।

ਸਚ ਮੁੱਚ ਇਸ ਕੇਸਕੀ ਦੀ ਦਾਤ ਤੋਂ ਵਾਂਝੀ ਦੁਨੀਆਂ ਫੈਸ਼ਨਾਂ ਦੀ ਗੁਝੀ ਅੱਗ ਨਾਲ ਝੁੱਲੀ ਸੜੀ ਜਾ ਰਹੀ ਹੈ।



www.AKJ.Org

ਹਾ ! ਕਿੰਨੇ ਅਫਸੋਸ ਦੀ ਗੱਲ ਹੈ ਕਿ ਅਸੀਂ ਬੇਮੁਲੀ ਬਖਸ਼ਸ਼ ਨੂੰ ਮੁਫਤੋ ਮੁਫਤ ਪਰਾਪਤ ਕਰ ਲੈਣ ਵਾਲੇ ਇਸ ਦੀ ਕਿੰਨੀ ਬੇਕਦਰੀ ਕਰ ਰਹੇ ਹਾਂ। ਸਤਿਗੁਰੂ ਨੂੰ ਤਰਸ ਪਿਆ ਸਾਡੇ ਤੇ, ਤੇ ਉਸ ਦੇ ਤਰਸ ਪਇਆਂ ਸਾਨੂੰ ਇਜ਼ਤ ਆਬਰੂ ਦਾ ਲਜਣ ਕਜਣ ਕੇਸਕੀ ਦੀ ਮਿਹਰਾਮਤ ਪ੍ਰਾਪਤ ਹੋਈ ਪਰ ਅਸੀਂ ਕੀਤਾ ਉਪਕਾਰ ਨਾ ਜਾਤਾ, ਪ੍ਰੇਮ-ਪਟੋਲੇ ਦੀ ਸਾਰ ਨਾ ਜਾਣੀ। ਅਸਾਂ ਇਸ ਨੂੰ ਭੁੰਜੇ ਪਟਕਾ ਸੁਟਿਆ। ਨਾ ਡਰੇ ਇਸ ਗਲ ਤੋਂ ਕਿ ਇਹ ਤਾਂ ਸ੍ਰੀ ਦਸਮੇਸ਼ ਦਾ ਬਖਸ਼ਿਆ ਸਿਰੋਪਾ ਹੈ। ਗੁਰੂ ਅਮਰਦਾਸ ਜੀ ਨੂੰ, ਗੁਰਤਾ ਗਦੀ ਮਿਲਣ ਤੋਂ ਪਹਿਲਾਂ, ਕਰੜੀ ਸੇਵਾ ਦੀ ਘਾਲ ਦੇ ਬਦਲੇ, ਸਤਿਗੁਰੂ ਅੰਗਦ ਸਾਹਿਬ ਜੀ ਵਰ੍ਹੇ ਮਗਰੋਂ ਇਕ ਸਿਰਪਾਉ ਬਖਸ਼ਦੇ ਸਨ। ਸੇਵਕ (ਗੁਰੂ) ਅਮਰਦਾਸ ਜੀ ਉਸ ਨੂੰ ਸੀਸ ਤੇ ਸਜਾ ਲੈਂਦੇ। ਕਹਿੰਦੇ ਹਨ, ਆਪ ਨੂੰ ਜੀ ਬਾਰਾਂ ਸਾਲ ਇਸ ਤਰ੍ਹਾਂ ਸਿਰੋਪਾਉ ਮਿਲਦੇ ਰਹੇ। ਆਪ ਜੀ ਸਾਰੇ ਇਕ ਦੂਜੇ ਦੇ ਉਪਰ ਸਜਾਂਦੇ ਗਏ, ਸ਼ੁਕਰ ਸ਼ੁਕਰ ਕਰਕੇ ਤੇ ਗ਼ਨੀਮਤ ਤੇ ਬਖਸ਼ਸ਼ ਜਾਣ ਕੇ। ਪਰ ਅਸਾਂ ਗਰੀਬ ਨਿਵਾਜ਼ ਦੀ ਇਸ ਪ੍ਰੀਤ ਰੀਤ ਤੋਂ ਮੂੰਹ ਹੀ ਭਵਾ ਬੈਠੇ ਹਾਂ। ਇਸ ਪਰੇਮ-ਪਟੋਲੇ ਬਖਸ਼ਣ ਵਾਲੇ ਸਮਰਥ ਦਸ਼ਮੇਸ਼ ਦੇ ਵਧਾਏ ਪ੍ਰੇਮ-ਹਥ ਨੂੰ ਠੁਕਰਾਣ ਦੀ ਬੇਅਦਬੀ ਕਰ ਰਹੇ ਹਾਂ। ਸ਼ਹਿਨਸ਼ਾਹ ਕਲਗੇਸ਼ ਨੇ ਸਾਨੂੰ ਕੇਸਕੀ ਦਾ ਤਾਜ ਬਖਸ਼ ਰਾਜ ਬਹਾਲਿਆ ਪਰ ਅਸੀਂ ਖੋਟੀ ਖਸਲਤ ਅਨੁਸਾਰ ਚੱਕੀ ਚੱਟਣ ਵਿਚ ਭਲਾ ਜਾਤਾ। ਅਸੀਂ ਇਸ ਮੱਥੇ ਦੇ ਚੰਦਨ ਲੇਪ ਨੂੰ ਉਤਾਰ ਕੇ ਭਸਮ ਸੰਗ ਪ੍ਰੀਤ ਪਾਣ ਵਿਚ ਮਾਣ ਕੀਤਾ।

ਅਸੀਂ ਪਤ ਢਕਣ ਕੱਜਣ ਵਾਲਾ ਪਰਦਾ ਸਿਰਾਂ ਤੋਂ ਉਤਾਰ ਲਿਆ, ਸਾਡੀ ਅਕਲ ਤੇ ਪਰਦਾ ਪੈ ਗਿਆ। ਉਲਟੀਆਂ ਅਕਲਾਂ ਸਾੜਨ ਲਗੇ। ਕੇਸਾਂ ਦੀ ਰਖਵਾਲ ਤੇ ਸੰਭਾਲ ਕਰਤਾ ਕੇਸਕੀ ਸਾਨੂੰ ਖਤਰਨਾਕ ਖੋਜ ਦਿਸਣ ਲਗੀ। ਇਤਿਹਾਸ ਦੀਆਂ ਪੁਰਾਤਨ ਗਵਾਹੀਆਂ, ਸਿਖ ਬੀਬੀਆਂ ਦੇ ਦਸਮ ਦੁਆਰ ਉਤੇ ਜੂੜਾ ਤੇ ਦਸਤਾਰ ਹੋਣ ਦੀਆਂ ਵਲੋਂ ਅਸਾਂ ਅੱਖਾਂ ਹੀ ਮੁੰਦ ਲਈਆਂ। ਕਨਿੰਘਮ ਜਿਹੇ ਪਰਦੇਸੀ ਤੇ ਓਪਰੇ ਜਿਸ ਹੀਜ਼ ਨੂੰ ਮੰਨ ਗਏ, ਅਸੀਂ ਆਪ ਘਰ ਵਾਲੇ, ਉਲਟਾ ਉਸ ਦੇ ਵਿਰੁਧ ਤਣ ਗਏ। ਲਾਜਵਾਬ ਤੇ ਅਕਟ ਦਲੀਲਾਂ ਸਾਨੂੰ ਬਬਾਕੀ ਜਾਪਣ ਲੱਗੀਆਂ।

ਕੋਈ ਪੁਛੇ ''ਜੇ ਦਸ਼ਮੇਸ਼ ਜੀ ਨੇ ਸ਼ਾਰੇ ਸਿਖ ਪੁਰਸ਼ 'ਸਿੰਘ' ਬਣਾਏ ਹਨ ਤਾਂ ਕੀ ਸਾਰੀਆਂ ਸਿਖ ਬੀਬੀਆਂ 'ਕੌਰ' ਨਹੀਂ ਬਣਾਈਆਂ ? ਜੇ ਦਸ਼ਮੇਸ਼-ਦੁਲਾਰੇ ਸਿੰਘ ਸ਼ੇਰਾਂ ਵਾਂਗੂ ਗੱਜਣ ਵਜਣ ਦਾ ਹੱਕ ਰਖਦੇ ਹਨ ਤਾਂ ਕੀ ਦਸਮੇਸ਼ ਦੁਲਾਰੀਆਂ 'ਕੌਰ' ਬੀਬੀਆਂ ਸ਼ਹਿਜ਼ਾਦਿਆਂ ਵਾਂਗ ਵਿਚਰਨ ਵਿਚਾਰਨ ਦਾ ਹੱਕ ਨਹੀਂ ਰਖਦੀਆਂ ? ਕੇਸਕੀ ਬਿਨਾਂ ਸਿਖ ਬੀਬੀ 'ਕੌਰ' (ਸ਼ਹਿਜ਼ਾਦਾ) ਸਦਾਉਂਦੀ ਸੋਭਦੀ ਹੈ ?'' ਕੋਈ ਨਿਰਪਖ ਹੋ ਕੇ ਫੈਸਲਾ ਦੇਵੇ ਤਾਂ ਭਰੋਸਾ ਹੈ ਕਿ ਕਹੇਗਾ ਕਿ ਆਪਣੀਆਂ ਦੁਲਾਰੀਆਂ, ਸਿਖ ਬੀਬੀਆਂ ਨੂੰ, ਕੌਰ ਦਾ ਖਿਤਾਬ ਦੇਕੇ ਨਿਵਾਜਣ ਵਾਲੇ ਦਸ਼ਮੇਸ਼ ਪਿਤਾ ਜ਼ਰੂਰ ਉਨ੍ਹਾਂ ਨੂੰ ਕੰਵਰਾਂ ਸ਼ਹਿਜ਼ਾਦਿਆਂ ਵਾਲੀ ਸ਼ਕਲ ਸੂਰਤ ਵਿਚ ਪ੍ਰਗਟਾਉਣ ਵਾਲੀ ਪੋਸ਼ਾਕ-ਕੇਸਕੀ ਵੀ ਦੇ ਗਏ ਹੋਣਗੇ। (ਚਲਦਾ)

---

(ਸਫਾ ੩੪ ਦੀ ਬਾਕੀ)

ਗੁਰਦਾਸ ਜੀ ਦੇ ਸ਼ਬਦ ਨਾਲ ਕੀਤਾ ਜਾਂਦਾ ਹੈ ਜਿਸ ਵਿਚ ਗੁਰਮੁਖ ਦੀ ਜਿਤ ਅਤੇ ਮਨਮੁਖ ਦੀ ਹਾਰ ਦਾ ਭੇਤ ਖੁਲ੍ਹਦਾ ਹੈ :-

ਗੁਰਮੁਖੁ ਪੰਥ ਸੁਹੇਲੜਾ
ਮਨਮੁਖ ਬਾਹਰਵਾਟ ਫਿਰੰਦੇ ॥
ਗੁਰਮੁਖ ਪਾਰ ਲੰਘਾਇਦਾ
ਮਨਮੁਖ ਭਵਜਲ ਵਿਚ ਡੁਬੰਦੇ ॥
ਗੁਰਮੁਖ ਜੀਵਨ ਮੁਕਤ ਕਰ
ਮਨਮੁਖ ਫਿਰ ਫਿਰ ਜਨਮ ਮਰੰਦੇ ॥
ਗੁਰਮੁਖ ਸੁਖ ਫਲ ਪਾਇੰਦੇ
ਮਨਮੁਖ ਦੁਖ ਫਲ ਦੁਖ ਲਹੰਦੇ ॥
ਗੁਰਮੁਖ ਦਰਗਹ ਸੁਰਖਰੂ
ਮਨਮੁਖ ਜਮਪੁਰ ਡੰਡ ਸਹੰਦੇ ॥
ਗੁਰਮੁਖ ਆਪ ਗਵਾਇਆ
ਮਨਮੁਖ ਹਉਮੈ ਅਗਨ ਜਲੰਦੇ ॥

---

ਪ੍ਰਭਜੋਤ ਪ੍ਰਿੰਟਿੰਗ ਪ੍ਰੈਸ ਬਹਾਦਰ ਨਗਰ, ਅੰਮ੍ਰਿਤਸਰ ਤੋਂ ਜਸਬੀਰ ਸਿੰਘ 'ਬੀਰ' ਪ੍ਰਿੰਟਰ ਤੇ ਪਬਲਿਸ਼ਰ ਨੇ ਅਖੰਡ ਕੀਰਤਨੀ ਜੱਥਾ ਪਟਿਆਲਾ ਲਈ ਛਪਵਾ ਕੇ ੫-੬-੧੯੬੬ ਨੂੰ ਦਫਤਰ ਮਾਸਕ ਪੱਤਰ ''ਸੂਰਾ'' ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਤੋਂ ਪ੍ਰਕਾਸ਼ਕ ਕੀਤਾ।

www.AKJ.Org

# ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਬਹੁਤ ਸਾਰੇ ਸੱਜਣ ਸੁਖ ਰਹਿਣੀ ਰਹਿਤ ਦੇ ਗਿੱਝੇ ਹੋਏ ਸ੍ਰੀ ਦਸਮੇਸ਼ ਜੀ ਦੀ ਦਰਸਾਈ ਅਤੇ ਦ੍ਰਿੜਾਈ ਤੱਤ ਗੁਰਮਤਿ ਦੇ ਉਲਟ ਇਹ ਅਨੁਮਾਨ ਲਾਉਣ ਲਗ ਪੈਂਦੇ ਹਨ ਕਿ ਉੱਪਰ ਦਿੱਤੇ ਅਨਵਾਨ ਵਾਲਾ ਸਾਰਾ ਗੁਰਵਾਕ ਉਨ੍ਹਾਂ ਦੇ ਖਿਆਲ ਅਨੁਸਾਰ ਨੀਵੀਂ ਘਟਨਾ ਉਪਰ ਘਟਦਾ ਹੈ। ਉਹ ਇਸ ਨੀਵੀਂ ਘਟਨਾ ਅਨੁਸਾਰ ਦੇਹੁਰੇ ਅਤੇ ਮਸੀਤ ਵਿਚ ਜਾਣ ਨੂੰ ਇਕਸਾਰ ਹੀ ਸਮਝ ਲੈਂਦੇ ਹਨ, ਹਾਲਾਂ ਕਿ ਸ੍ਰੀ ਦਸਮੇਸ਼ ਜੀ ਦਾ ਗੁਰਮਤਿ ਤੱਤ ਭਾਵ ਐਨ ਇਸਦੇ ਉਲਟ ਹੈ। ਕਸੂਤੀ ਗੋਹਝ ਦੇ ਗਿੱਝੇ ਹੋਏ ਪੁਰਸ਼ ਇਹ ਅਨੁਮਾਨ ਲਾ ਬੈਠਦੇ ਹਨ ਕਿ ਬੇਸ਼ਕ ਕੋਈ ਦੇਹੁਰਾ ਮਸੀਤ ਆਦਿਕ ਕੁਸੰਗ ਅਸਥਾਨਾਂ ਵਿਖੇ ਭਰਮਦਾ ਫਿਰੇ ਉਸ ਨੂੰ ਅਜਿਹੇ ਭ੍ਰਮਣ ਕਰਮ ਦਾ ਕੋਈ ਲੇਸ ਨਹੀਂ ਲਗਦਾ। ਹਾਲਾਂਕਿ ਸ੍ਰੀ ਗੁਰੂ ਦਸਮੇਸ਼ ਪਾਤਸ਼ਾਹ ਏਸੇ ਤੱਤ ਗੁਰਮਤਿ ਭਿੰਨੇ ਗੁਰਵਾਕ ਅਨੁਸਾਰ ਇਨ੍ਹਾਂ ਆਨਮਤੀ ਕੁਸੰਗ ਮੰਡਲਾਂ ਵਿਚ ਜਾਣਾ ਜ਼ਾਹਰਾ ਤੌਰ ਤੇ ਰੋਕਦੇ ਹਨ। ਅਤੇ ਸਪਸ਼ਟ ਤੌਰ ਤੇ ਵਰਜਦੇ ਹਨ ਕਿ ਇਨ੍ਹਾਂ ਕੁਸੰਗ-ਮਈ ਗਿਝਾਵਿਆਂ ਵਿਚ ਹਰਗਿਜ਼ ਨਾ ਪਵੋ। ਸ੍ਰੀ ਦਸਮੇਸ਼ ਪਾਤਸ਼ਾਹ ਨੂੰ ਹਰਗਿਜ਼ ਇਹ ਗੱਲ ਮਨਜ਼ੂਰ ਨਹੀਂ ਕਿ ਉਨ੍ਹਾਂ ਦੇ ਤੱਤ ਗੁਰਮਤੀ ਗੁਰਸਿੱਖ ਐਵੇਂ ਆਵਾਗੌਨ ਹੀ ਇਹਨਾਂ ਆਨਮਤੀ ਅਸਥਾਨਾਂ ਵਿਚ ਭਰਮਦੇ ਭਟਕਦੇ ਫਿਰਨ। ਜੇਕਰ ਐਸਾ ਹੀ ਹੁੰਦਾ ਤਾਂ ਸ੍ਰੀ ਦਸਮੇਸ਼ ਜੀ ਬਚਿੱਤਰ ਨਾਟਕ ਸ੍ਰੀ ਮੁਖਵਾਕ ਬਾਣੀ ਦੇ ਛੇਵੇਂ ਅਧਿਆਇ ਵਿਚ ਆਨਮਤੀ ਪੂਜਾ ਤੋਂ ਆਪਣੇ ਗੁਰਸਿੱਖਾਂ ਨੂੰ ਕਦੇ ਨਾ ਵਰਜਦੇ। ਜੈਸਾ ਕਿ "ਕਿਸ਼ਨ ਬਿਸ਼ਨ" ਆਦਿਕ ਸਾਰੇ ਦੇਵਤਿਆਂ ਅਤੇ ਮੁਹੰਮਦ ਆਦਿਕ ਪੈਗੰਬਰਾਂ ਨੂੰ ਬਣਾ ਕੇ ਸੋਧਿਆ ਹੈ। ਜੋ ਇਨ੍ਹਾਂ ਵਾਕਾਂ ਤੋਂ ਪ੍ਰਸਿਧ ਹੈ :–

"ਮਹਾਂਦੇਵ ਅਚੁੱਤ ਕਹਿਵਾਯੋ ॥
ਬਿਸ਼ਨ ਆਪ ਹੀ ਕੋ ਠਹਿਰਾਯੋ ॥
ਬ੍ਰਹਮਾ ਆਪ ਪਾਰਬ੍ਰਹਮ ਬਖਾਨਾ ॥
ਪ੍ਰਭ ਕੋ ਪ੍ਰਭੂ ਨ ਕਿੰਨਹੂੰ ਜਾਨਾ ॥"

ਤਥਾ :–"ਜੋ ਕੋਈ ਹੋਤ ਭਯੋ ਜਗਿ ਸਿਆਨਾ ॥
ਤਿਨ ਅਪਨੋ ਅਪਨੋ ਪੰਥ ਚਲਾਨਾ ॥
ਪਰਮ ਪੁਰਖ ਕਿੰਨਹੁੰ ਨਹਿ ਪਾਯੋ ॥
ਬੈਰ ਬਾਦ ਅਹੰਕਾਰ ਬਢਾਯੋ ॥"

ਤਥਾ :–"ਜਿਨ ਜਿਨ ਤਨਕ ਸਿੱਧ ਕੋ ਪਾਯੋ ॥
ਤਿਨ ਤਿਨ ਆਪਨਾ ਰਾਹੁ ਚਲਾਯੋ ॥
ਪ੍ਰਮੇਸ੍ਰ ਨ ਕਿੰਨਹੂੰ ਪਹਿਚਾਨਾ ॥
ਮਮ ਉਚਾਰ ਤੇ ਭਯੋ ਦਿਵਾਨਾ ॥"

ਪੁਨਾ:-"ਜੇ ਸਿਮ੍ਰਿਤਨ ਕੇ ਭਏ ਅਨੁਰਾਗੀ ॥ ਤਿਨ ਤਿਨ ਕ੍ਰਿਆ ਬ੍ਰਹਮ ਕੀ ਤਿਆਗੀ ॥ ਜਿਨ ਮਨ ਹਰਿ ਚਰਨਨ ਠਹਿਰਾਯੋ ॥ ਸੋ ਸਿਮ੍ਰਿਤਨ ਕੇ ਰਾਹੁ ਨਾ ਆਯੋ ॥ ਬ੍ਰਹਮੇ ਚਾਰੋ ਹੀ ਬੇਦ ਬਨਾਏ ॥ ਸਰਬਲੋਕ ਤਿਨ ਕਰਮ ਚਲਾਏ ॥ ਜਿਨ ਕੀ ਲਿਵ ਹਰ ਚਰਨਨ ਲਾਗੀ ॥ ਤੇ ਬੇਦਨ ਤੇ ਭਏ ਤਿਆਗੀ ॥"

ਪੁਨਾ :–"ਮਹਾਦੀਨ ਮੁਹੰਮਦ ਤਬ ਪ੍ਰਭ ਉਪਰਾਜਾ ॥ ਅਰਬ ਦੇਸ਼ ਕੋ ਕੀਨੋ ਰਾਜਾ ॥ ਤਿਨ ਭੀ ਏਕ ਪੰਥ ਉਪਰਾਜਾ ॥ ਲਿੰਗ ਬਿਨਾ ਕੀਨੇ ਸਭ ਰਾਜਾ ॥ ਸਭ ਤੇ ਅਪਨਾ ਨਾਮ ਜਪਾਯੋ॥ ਸਤਿਨਾਮ ਕਾਹੂ ਨ ਦ੍ਰਿੜਾਯੋ॥ ਸਭ ਅਪਨੀ ਅਪਨੀ ਉਰਝਾਨਾ ॥ ਪਾਰਬ੍ਰਹਮੁ ਕਾਹੂ ਨ ਪਛਾਨਾ ॥"



www.AKJ.Org

ਜਦੋਂ ਸ੍ਰੀ ਦਸਮੇਸ਼ ਮੁਖਵਾਕ ਸਪਸ਼ਟ ਤੌਰ ਤੇ ਇਉਂ ਦ੍ਰਿੜਾਉਂਦੇ ਹਨ ਕਿ ਉਪਰ ਦੱਸੇ ਅਨੁਸਾਰ ਬੇਦ ਕਤੇਬੀ ਕ੍ਰਿਆ ਸਭ ਖੰਡਨ ਰੂਪ ਹੈ ਤਾਂ ਫੇਰ ਇਹ ਕਦੋਂ ਹੋ ਸਕਦਾ ਹੈ ਕਿ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲੇ ਓਸੇ ਸ੍ਰੀ ਦਸਮੇਸ਼ ਮੁੱਖਵਾਕ ਵਿਖੇ ਦੇਹੁਰਾ ਤੇ ਮਸੀਤ ਆਦਿਕ ਆਨਮਤ ਅਸਥਾਨਾਂ ਦੀ ਪੂਜਾ ਪ੍ਰਤਿਪਾਦਨ ਕੀਤੀ ਗਈ ਹੋਵੇ। ਅਸਲ ਬਾਤ ਇਹ ਹੈ ਕਿ ਸ੍ਰੀ ਦਸਮੇਸ਼ ਜੀ ਨੇ ਇਸ ਸ੍ਰੀ ਮੁਖਵਾਕ ਦੁਆਰਾ ਸਪਸ਼ਟ ਤੌਰ ਤੇ ਇਹ ਸਿੱਧ ਕੀਤਾ ਹੈ ਕਿ ਹਰ ਪ੍ਰਾਣੀ ਮਾਤ੍ਰ ਜਿਸ ਜਿਸ ਮੱਤ ਮਤਾਂਤਰ ਵਿਖੇ ਹੈ ਸਭ ਕੋਈ ਗੁਰ ਉਪਦੇਸ਼ ਦਾ ਅਧਿਕਾਰ ਹੈ। ਜੈਸਾ ਕਿ ਇਸ ਗੁਰਵਾਕ ਤੋਂ ਭੀ ਪ੍ਰਸਿੱਧ ਹੈ :–

"ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥ ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥ ੪ ॥ ੩ ॥ ੫੦ ॥"

ਤੱਤ ਭਾਵ ਸ੍ਰੀ ਦਸਮੇਸ਼ ਜੀ ਦੇ ਉਪਰ ਦਸੇ ਮੁਖਵਾਕਾਂ ਦਾ ਭੀ ਇਹੀ ਹੈ ਕਿ ਗੁਰਮਤਿ ਅੰਦਰ "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥" ਵਾਲੀ ਹੀ ਘਟਨਾ ਘਟਾਈ ਗਈ ਹੈ। ਇਹਨਾਂ ਸ੍ਰੀ ਦਸਮੇਸ਼ ਮੁਖਵਾਕਾਂ ਦਾ ਇਹ ਭਾਵ ਹਰਗਿਜ਼ ਨਹੀਂ, ਜੈਸਾ ਕਿ ਆਨਮਤ ਗ੍ਰਸੇ ਢਿੱਲੜ ਪੁਰਸ਼ ਲਿਆ ਕਰਦੇ ਹਨ ਕਿ ਮਨੁਖ ਮਾਤ੍ਰ ਦੀ ਜਾਤੀ ਜਿਥੇ ਭੀ ਖੜੋਤੀ ਹੈ ਉਥੇ ਹੀ ਉਸਦੀ ਮੁਕਤ ਹੈ ਚਾਹੇ ਕਿਸੇ ਵੀ ਮੱਤ ਮਤਾਂਤਰ ਵਿਖੇ ਕਿਉਂ ਨ ਹੋਵੇ ਸ੍ਰੀ ਗੁਰੂ ਦਸਮੇਸ਼ ਜੀ ਦਾ ਇਨ੍ਹਾਂ ਉਪਰ ਦਸੇ ਵਾਕਾਂ ਅਨੁਸਾਰ ਇਹ ਭਾਵ ਉਕਾ ਹੀ ਨਹੀਂ ਕਿ ਬਿਨਾਂ ਅੰਮ੍ਰਿਤ ਛਕਾਏ ਦੇ ਹਰ ਕੋਈ ਮਤ ਮਤਾਂਤਰ ਪ੍ਰਾਨੀ ਮਾਤ੍ਰ ਗੁਰਮਤਿ ਦ੍ਰਿੜਾਈ ਮੋਖ ਨੂੰ ਪ੍ਰਾਪਤ ਹੋ ਸਕਦਾ ਹੈ। ਜੋ ਜਨ ਡਰਪੋਕ ਹਨ ਅਤੇ ਬਣੇ ਬਣਾਤੇ ਮੋਮਨ ਬਣਨਾ ਚਾਹੁੰਦੇ ਹਨ, ਉਹ ਪੁਰਸ਼ ਐਸਾ ਭਾਵ ਇਨ੍ਹਾਂ ਗੁਰਵਾਕਾਂ ਦੀ ਰੋਸ਼ਨੀ ਵਿਚੋਂ ਕਢ ਲਿਆ ਕਰਦੇ ਹਨ ਕਿ ਹਰੇਕ ਮੱਤ ਅੰਦਰ ਹੁੰਦਿਆਂ ਹੋਇਆਂ ਹਰ ਪ੍ਰਾਨੀ ਨੂੰ ਕਲਿਆਣਗਤੀ ਪ੍ਰਾਪਤ ਹੋ ਸਕਦੀ ਹੈ। ਤਿਨ੍ਹਾਂ ਭੱਦਰ ਪੁਰਸ਼ਾਂ ਨੂੰ ਇਹ ਗੱਲ ਨਿਸਚੇ ਹੀ ਨਹੀਂ ਕਿ ਬਿਨਾਂ ਗੁਰਮਤਿ ਦੀ ਸੱਚੀ ਰੋਸ਼ਨੀ (Light) ਦੇ ਗ੍ਰਹਿਣ ਕੀਤੇ ਦੇ (ਜੋ ਗੁਰੂ ਘਰ ਤੋਂ ਅੰਮ੍ਰਿਤ ਛਕੇ ਤੇ ਹੀ ਪ੍ਰਾਪਤ ਹੋ ਸਕਦੀ ਹੈ) ਕਿਵੇਂ ਕੋਈ ਪੁਰਸ਼ ਸੱਚੜੀ ਮੋਖ ਨੂੰ ਪ੍ਰਾਪਤ ਹੋ ਸਕਦਾ ਹੈ। ਏਸੇ ਬਿਧਿਅਕਸਰ ਰਾਗੀ ਅਤੇ ਉਪਦੇਸ਼ਕ ਜੋ ਗੁਰੂ ਘਰ ਦੇ ਸ਼ਰਧਾਲੂ ਸਦਾਉਂਦੇ ਹਨ ਅਕਸਰ ਇਹੀ ਤਾਤ ਪਰਜ ਲੈ ਕੇ ਏਸੇ ਪ੍ਰਕਾਰ ਦੇ ਸ੍ਰੀ ਦਸਮੇਸ਼ ਬਚਨਾਂ ਨੂੰ ਉਚਾਰਿਆ ਕਰਦੇ ਹਨ, ਜਿਨ੍ਹਾਂ ਤੋਂ ਆਮ ਲੋਕਾਂ ਨੂੰ ਇਹੀ ਟਪਲਾ ਲਗੇ ਕਿ ਹਰ ਕੋਈ ਆਪੋ ਆਪਣੇ ਮਤ ਅਨੁਸਾਰ ਨਿਸਤਰ ਸਕਦਾ ਹੈ, ਹਾਲਾਂ ਕਿ ਸ੍ਰੀ ਦਸਮੇਸ਼ ਵਾਕਾਂ ਦੀ ਕਦਰ ਕਾਮਤ ਐਨ ਪਹਿਲੀਆਂ ਪਾਤਸਾਹੀਆਂ ਦੇ ਗੁਰਵਾਕਾਂ ਅਨੁਸਾਰ ਹੈ। ਸ੍ਰੀ ਦਸਮੇਸ਼ ਜੀ ਦੇ ਉਚਰੇ ਹੋਏ ਸ੍ਰੀ ਮੁਖਵਾਕਾਂ ਵਿਖੇ ਦੁਰਿਤਾਈ ਅਤੇ ਭਿੰਨ ਭਿੰਨ ਭਾਵ ਭੇਦਤਾਈ ਨਹੀਂ ਹੋ ਸਕਦੀ। ਉਪਰ ਦਸੀ ਵਿਆਖਿਆ ਅਨੁਸਾਰ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।" ਸਦਰਸ਼ ਸਾਰੇ ਸ੍ਰੀ ਦਸਮੇਸ਼ ਮੁਖਵਾਕਾਂ ਦਾ ਇਹ ਭਾਵ ਹੈ ਜੈਸਾ ਕਿ ਉਪਰ ਦਰਸਾਇਆ ਗਿਆ ਹੈ। ਗੁਰੂ ਘਰ ਦੇ ਰਾਗੀ ਅਤੇ ਉਪਦੇਸ਼ਕ ਕਹਾਉਣ ਵਾਲੇ, ਸੁਖ ਰਹਿਣੀਏ ਸਜਨ ਕੇਵਲ ਆਪਣੇ ਮਨ ਦੀ ਨੀਵੀਂ ਦਸ਼ਾ ਹੀ ਪ੍ਰਗਟਾਉਂਦੇ ਹਨ। ਜਦੋਂ ਕਿ ਇਸ ਪ੍ਰਕਾਰ ਦੱਸਦੇ ਹਨ ਕਿ ਹਰੇਕ ਮੱਤ ਮਤਾਂਤਰ ਦਾ ਪ੍ਰਾਨੀ ਆਪੋ ਆਪਣੇ ਥਾਉਂ ਖਲੋਤਾ ਤੱਤ ਮੋਖਸ਼ ਨੂੰ ਪ੍ਰਾਪਤ ਹੋ ਸਕਦਾ ਹੈ। "ਗੁਰਮਤਿ ਲੇਖ" ਨਾਮੇ ਪੁਸਤਕ ਅੰਦਰ ਭੀ ਏਸੇ ਭਾਵ ਨੂੰ ਜਣਾਇਆ ਗਿਆ ਹੈ, ਪਰੰਤੂ ਭਲੀ ਬਿਧਿ ਸਪਸ਼ਟਾਇਆ ਨਹੀਂ ਗਿਆ। ਏਸ ਘਟਦੀ ਕਲਾ ਵਾਲੇ ਭਾਵਾਂ ਨੂੰ ਦ੍ਰਿੜਾਉਣ ਵਾਲੇ ਪੁਰਸ਼ਾਂ, ਰਾਗੀਆਂ, ਉਪਦੇਸ਼ਕਾਂ ਅੰਦਰ ਇਹ ਬੀਮਾਰੀ ਵਧਦੀ ਜਾਂਦੀ ਵੇਖ ਕੇ ਏਸ ਭਾਵ ਨੂੰ ਮੁੜਕੇ ਹੋਰ ਵਧੇਰੇ ਸਪਸ਼ਟ ਕਰਨਾ ਪਿਆ।

ਗੁਰਮਤਿ ਭਾਵ ਐਸੇ ਗੂੜ੍ਹ ਹਨ ਕਿ ਉਨ੍ਹਾਂ ਦੀ ਤੱਤ ਸਮ-ਦਰਸਤਾ ਘਟਾਉਣੀ ਬੜੀ ਔਖੀ ਹੋ



www.AKJ.Org

ਜਾਂਦੀ ਹੈ, ਪਰੰਤੂ ਸ੍ਰੀ ਦਸਮੇਸ਼ ਜੀ ਦੇ ਮਹਾਂ ਸ੍ਰੀ ਮੁਖਵਾਕ ਖ਼ੂਬ ਤੱਤ ਨਿਰਨਾ ਕਰ ਦਿੰਦੇ ਹਨ। ਕਈ ਭੱਦਰ ਪੁਰਸ਼ ਸ੍ਰੀ ਗੁਰੂ ਨਾਨਕ ਸਾਹਿਬ ਪਹਿਲੀ ਪਾਤਸ਼ਾਹੀ ਦੇ ਇਸ ਗੁਰਵਾਕ ਦਾ ਬੜੀ ਉਲਟੀ ਦਸ਼ਾ ਵਿਚ ਭਾਵਾਰਥ ਕਰਦੇ ਹਨ। ਯਥਾ–

''ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥''

ਏਸ ਦਾ ਭਾਵ ਉਹ ਪੁਰਸ਼ ਇਉਂ ਲੈਂਦੇ ਹਨ ਕਿ ਗੁਰੂ ਸਾਹਿਬ ਨੇ ਸਾਫ ਦਰਸਾਇਆ ਅਤੇ ਦ੍ਰਿੜਾਇਆ ਹੈ ਕਿ ਉਧਰਨ ਦੇ ਦੁਆਰ ਅਨੇਕ ਹਨ। ਦੇਖੋ ਗੁਰੂ ਸਾਹਿਬ ਜੋ ਲਿਖਦੇ ਹਨ ਕਿ "ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥" ਉਹ ਲੋਕ ਸਮਝਦੇ ਹਨ ਕਿ ਇਸ ਗੁਰਵਾਕ ਦੁਆਰਾ ਸ੍ਰੀ ਗੁਰੂ ਸਾਹਿਬ ਨੇ ਖੁਲ੍ਹ ਦਿਤੀ ਹੈ ਕਿ ਗੁਰਮਤਿ ਨੂੰ ਛੱਡ ਕੇ ਹੋਰ ਦੁਆਰੇ ਭੀ ਸਹੇੜੇ ਜਾ ਸਕਦੇ ਹਨ ਪਰੰਤੂ ਉਨ੍ਹਾਂ ਨੂੰ ਇਹ ਸੂਝ ਬੂਝ ਨਹੀਂ ਕਿ ਇਸ ਗੁਰਵਾਕ ਦਾ ਤੱਤ ਭਾਵ ਕੀ ਹੈ ? ਸ੍ਰੀ ਗੁਰੂ ਸਾਹਿਬ ਜੀ ਦਾ ਦਰਸਾਇਆ ਦੁਆਰਾ ਇਕੋ ਹੀ ਹੈ ਅਨੇਕ ਨਹੀਂ। ਗੁਰਮਤਿ ਦੁਆਰੇ ਜੋ ਗੁਰਮੁਖਿ ਜਗਿਆਸੂ ਦੇ ਗ੍ਰਹਨ ਕਰਨ ਜੋਗ ਹਨ, ਓਹ ਏਸੇ ਗੁਰਵਾਕ ਦੇ ਭਾਵ ਅਨੁਸਾਰ ਅਨੇਕ ਨਹੀਂ। ਗੁਰਮਤਿ ਅਨੁਸਾਰ ਗੁਰੂ ਦਾ ਭਾਣਾ ਮਿਠਾ ਕਰਕੇ ਮੰਨਣਾ ਭੀ ਇਕ ਵਸੀਲਾ (ਦੁਆਰਾ) ਹੈ ਵਾਹਿਗੁਰੂ ਦੇ ਪਾਉਣ ਦਾ। ਗੁਰਸਿਖਾਂ ਦੀ ਸੇਵਾ ਕਰਨੀ ਭੀ ਇਕ ਭੀ ਜ਼ਰੀਆ (ਦੁਆਰਾ) ਹੈ ਵਾਹਿਗੁਰੂ ਪ੍ਰਾਪਤੀ ਦਾ। ਪਰੰਤੂ ਦਰ ਅਸਲ ਗੁਰਮਤਿ ਵਸੀਲਾ (ਦੁਆਰ) ਇਕ ਹੀ ਹੋਇਆ ਨਾ ਕਿ ਅਨੇਕ। ਜੇ ਅਨੇਕ ਹਰ ਦੁਆਰੇ, ਅਨਮਤੀ ਦੁਆਰੇ ਭੀ ਹੁੰਦੇ ਤਾਂ "ਹੋਰੁ ਦੁਆਰਾ ਕੋਇ ਨ ਸੂਝੈ" ਭਾਵ ਵਾਲੇ ਵਾਕ ਅੰਕਤ ਕਿਉਂ ਹੁੰਦੇ ਤੇ ਸ੍ਰੀ ਗੁਰੂ ਦਸਮੇਸ਼ ਜੀ ਇਉਂ ਉਚਾਰਨ ਕਿਉਂ ਕਰਦੇ "ਸਗਲ ਦੁਆਰ ਕਉ ਛਾਡ ਕੈ ਗਹਿਓ ਤੁਹਾਰੋ ਦੁਆਰ ॥" ਜਿਸ ਤੋਂ ਸਾਫ ਸਪਸ਼ਟ ਹੈ ਕਿ ਸਚੇ ਪਾਤਸ਼ਾਹ ਨੇ ਇਕੋ ਅਕਾਲ ਪੁਰਖ ਦਾ ਦੁਆਰਾ ਹੀ ਦਸਿਆ। ਸੋਈ ਗੁਰਮਤਿ ਅਨੁਸਾਰ ਤੱਤ ਦੁਆਰਾ ਹੈ। ਸ੍ਰੀ ਗੁਰੂ ਦਸਮੇਸ਼ ਜੀ ਹੋਰ ਭੀ ਇਸ ਗੱਲ ਨੂੰ ਅਗੇ ਚਲ ਕੇ ਸਪਸ਼ਟ ਕਰਦੇ ਹਨ :–

"ਪਾਏ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ ॥ ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈ ਮਤਿ ਏਕ ਨ ਮਾਨਯੋ ॥ ਸਿਮ੍ਰਿਤ ਸਾਸਤ੍ਰ ਬੇਦ ਸਬੈ ਬਹੁ ਭੇਦ ਕਹੈ ਹਮ ਏਕ ਨਾ ਜਾਨਯੋ ॥ ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰ ਮੈਂ ਨ ਕਹਿਓ ਸਭ ਤੋਹਿ ਬਖਾਨਯੋ ॥"

ਇਸ ਗੁਰਵਾਕ ਤੋਂ ਸਾਫ ਸਿੱਧ ਹੁੰਦਾ ਹੈ ਕਿ ਗੁਰਮਤਿ ਮਾਰਗ ਬੇਦ ਕਤੇਬੀ ਮਤਿ ਤੋਂ ਉਕਾ ਹੀ ਨਿਆਰਾ ਅਤੇ ਵਿਲੱਖਣ ਹੈ। ਏਥੇ ਉਹ ਕੋਈ ਭੀ ਗੁੰਜਾਇਸ਼ ਨਹੀਂ ਬੇਦ ਕਤੇਬ ਰਾਮ ਰਹੀਮ ਦੇ ਪੂਜਣ ਦੀ। ਕਈ ਮਿਲਗੋਭਾਪਨ ਦੇ ਪੁਜਾਰੀ "ਹਮ ਏਕ ਨ ਜਾਨਯੋ" ਵਾਲੀ ਤੁਕ ਦਾ ਅਨੁਵਾਦ ਇਸ ਪਰਕਾਰ ਭੀ ਕਰ ਲਿਆ ਕਰਦੇ ਹਨ ਅਤੇ ਜਾਣ ਬੁਝ ਕੇ ਭੀ ਕਰਦੇ ਹਨ ਕਿ ਗੁਰੂ ਸਾਹਿਬ ਨੇ ਤਾਂ ਜਾਣਿਆ ਹੀ ਨਹੀਂ, ਭਾਵ ਉਹਨਾਂ ਨੂੰ ਪਤਾ ਕੁਝ ਨਹੀਂ ਸੀ। ਇਹ ਉਨ੍ਹਾਂ ਦੀ ਸਪਸ਼ਟ ਭੁਲ ਹੈ ਤੇ ਨਿਰਾ ਮੋਮਨਪਣਾ ਹੈ। ਸਿਵਾਇ ਗੁਰਮਤਿ ਦੁਆਰੇ ਦੇ ਹੋਰ ਕੋਈ ਭੀ ਦੁਆਰਾ ਨਹੀਂ, ਪ੍ਰਾਨੀਆਂ ਦੇ ਉਧਾਰ ਕਰਨ ਲਈ। ਤਾਂ ਤੇ ਇਹ ਗੱਲ ਸਪਸ਼ਟ ਸਿੱਧ ਹੋ ਗਈ ਕਿ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲੇ ਗੁਰਵਾਕ ਦਾ ਭਾਵ ਗੁਰਮਤਿ ਅਨੁਕੂਲ ਤਦੇ ਬਣਦਾ ਹੈ ਜੇਕਰ ਸ੍ਰੀ ਗੁਰੂ ਦਸਮੇਸ਼ ਜੀ ਦੇ ਤੱਤ ਗੁਰਮਤਿ ਆਸ਼ੇ ਨੂੰ ਸਪਸ਼ਟ ਤੌਰ ਤੇ ਸਮਝ ਲਿਆ ਜਾਵੇ।

"ਕੋਊ ਭਇਓ ਮੁੰਡੀਆ ਸਨਿਆਸੀ ਕੋਊ
ਜੋਗੀ ਭਇਓ, ਕੋਊ ਬ੍ਰਹਮਚਾਰੀ ਕੋਊ
ਜਾਤੀ ਅਭਿਮਾਨਬੋ।"

ਏਸ ਪੰਗਤੀ ਦਾ ਹਰਗਿਜ਼ ਏਹ ਭਾਵ ਨਹੀਂ ਜੈਸਾ ਕਿ ਮਨਮੋਹਣੇ ਰੂਪ ਵਿਚ ਸਮਝਿਆ ਜਾਂਦਾ ਹੈ ਕਿ ਮਨੁਖ ਦੀ ਜਾਤ ਸਭ ਇਕੋ ਹੀ ਹੈ, ਚਾਹੇ ਕੋਈ ਜਤੀ ਬਣਿਆ ਰਹੇ, ਸੰਨਿਆਸੀ ਅਥਵਾ ਜੋਗੀ


www.AKJ.Org

ਜਾਂ ਬ੍ਰਹਮਚਾਰੀ ਬਣਿਆ ਰਹੇ। ਆਨਮਤੀ ਜੋਗੀਆਂ, ਸੰਨਿਆਸੀਆਂ, ਬ੍ਰਹਮਚਾਰੀਆਂ ਆਦਿ ਨੂੰ ਸਾਰੇ ਗੁਰੂ ਸਾਹਿਬਾਨ ਨੇ ਚੰਗੀ ਤਰ੍ਹਾਂ ਸੋਧਿਆ ਹੈ। ਤਦ ਅਸੀਂ ਮੋਮਨਾਂ ਦੇ ਕਹੇ ਤੇ ਇਹ ਗੱਲ ਕਿਵੇਂ ਮੰਨ ਲਈਏ ਕਿ ਜੋਗੀ, ਜਤੀ, ਸੰਨਿਆਸੀ ਸਭ ਆਨ-ਮਤੀਆਂ ਦਾ ਤੱਤ ਗੁਰਮਤਿ ਅਨੁਸਾਰ ਨਿਸਤਾਰਾ ਹੈ ਬਲਕਿ ਗੁਰੂ ਸਾਹਿਬ ਜੀ ਦਾ ਸਪਸ਼ਟ ਭਾਵ ਇਹ ਹੈ ਗੁਰਮਤਿ ਦੁਆਰਾ ਸਾਰੇ ਆਨਮਤੀਆਂ ਲਈ ਖੁਲ੍ਹਾ ਹੈ ਅਤੇ ਅੰਮ੍ਰਿਤ ਛਕਾਏ ਤੇ ਹੀ ਉਨ੍ਹਾਂ ਦਾ ਨਿਸਤਾਰਾ ਹੋਣਾ ਹੈ ਅਗਲੀ ਤੁਕ ਜੋ ਇਉਂ ਕਥਨ ਹੈ :-

"ਹਿੰਦੂ ਔ ਤੁਰਕ ਕੋਊ ਰਾਫ਼ਜ਼ੀ ਇਮਾਮ ਸਾਫ਼ੀ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥"

ਹਿੰਦੂ, ਤੁਰਕ ਸਾਰੇ ਹੀ ਆਨਮਤਿ ਰਾਫ਼ਜ਼ੀ ਇਮਾਮ ਸਾਫ਼ੀ ਵਾਲੇ ਤੱਤ ਗੁਰਮਤਿ ਅਨੁਸਾਰ ਸੋਧੇ ਬਿਨਾਂ ਕਦੇ ਭੀ ਰਾਹੇ ਰਾਸਤ ਤੇ ਨਹੀਂ ਆ ਸਕਦੇ। ਸ੍ਰੀ ਗੁਰੂ ਦਸਮੇਸ਼ ਸੱਚੇ ਪਾਤਸ਼ਾਹ ਜੀ ਨੇ ਇਹਨਾਂ ਆਨਮਤੀ ਕੁਸੰਗਤੀਆਂ ਦੀ ਖੂਬ ਹੀ ਬਣਾਕੇ ਸੋਧਨਾ ਕੀਤੀ ਹੈ। ਦੇਖੋ ਇਹਦਾ ਉਲਟ ਅਰਥ ਲੈਣ ਵਾਲੇ ਆਪਣੀ ਹੀ ਕਨਿਸ਼ਟ ਬੁਧੀ ਅਨੁਸਾਰ ਹੋਰ ਦਾ ਹੋਰ ਹੀ ਭਾਵ ਬਣਾ ਲੈਂਦੇ ਹਨ। ਜੈਸਾ ਕਿ ਸ੍ਰੀ ਦਸਮੇਸ਼ ਜੀ ਨੇ :-

"ਸ੍ਰਾਵਗ ਸੁਧ ਸਮੂਹ ਸਿਧਾਨ ਕੇ ਦੇਖ ਫਿਰਿਓ ਘਰ ਜੋਗ ਜਤੀ ਕੇ॥ ਸੂਰ ਸੁਰਾਰਦਨ ਸੁਧ ਸੁਧਾਦਿਕ ਸੰਤ ਸਮੂਹ ਅਨੇਕ ਮਤੀ ਕੇ॥ ਸਾਰੇ ਹੀ ਦੇਸ ਕੋ ਦੇਖ ਰਹਿਓ ਮਤ ਕੋਊ ਨਾ ਦੇਖੀਅਤ ਪ੍ਰਾਨ ਪਤੀ ਕੇ॥ ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ ਏਕ ਰਤੀ ਬਿਨ ਏਕ ਰਤੀ ਕੇ॥"

ਇਸ ਸ੍ਰੀ ਮੁਖਵਾਕ ਦੁਆਰਾ ਸਪਸ਼ਟ ਤੌਰ ਤੇ ਸਾਰੇ ਮੱਤਾਂ ਦੇ ਆਨਮਤੀ ਸਾਧਾਂ ਸੰਤਾਂ ਨੂੰ ਨੀਵਾਂ ਜਣਾਇਆ ਹੈ। ਪਰੰਤੂ ਮੋਮਨ ਪੁਰਸ਼ ਅਜੇ ਭੀ ਇਸ ਵਾਕ ਦੀ ਦੂਜੀ ਤੁਕ ਦਾ ਇਹ ਅਨਵਾਦ ਕਰਦੇ ਸੰਗਦੇ ਨਹੀ ਕਿ ਮਹਾਰਾਜ ਨੇ ਅਨੇਕ ਮੱਤੀਆਂ ਦੇ ਸੰਤਾਂ ਨੂੰ ਇਕੋ ਸ਼੍ਰੇਣੀ ਵਿਚ ਰੱਖਿਆ ਹੈ ਅਤੇ ਉਹ ਹਰੇਕ ਮੱਤ ਅਨੁਸਾਰ ਹੀ ਨਿਸਤਾਰੇ ਜਾ ਸਕਦੇ ਹਨ। ਇਹ ਰੰਚਕ ਮਾਤ੍ਰ ਭੀ ਨਹੀਂ ਵੀਚਾਰਦੇ ਕਿ ਇਹ ਆਪੇ ਬਣ ਬੈਠੇ ਸ੍ਰੇਵੜੇ ਸਿੱਧ ਸਾਧਿਕ ਆਦਿਕਾਂ ਵਿਚੋਂ ਕੋਈ ਭੀ ਪਖੰਡੀ ਪੁਰਸ਼ ਪ੍ਰਮਾਤਮਾ ਪ੍ਰਾਨਪਤੀ ਨੂੰ ਨਹੀਂ ਪਾ ਸਕਦਾ ਅਤੇ ਨਾ ਹੀ ਕੋਈ ਦੇਖ ਸਕਦਾ ਹੈ। ਸੱਚੀ ਵਾਹਿਗੁਰੂ ਦੀ ਪ੍ਰੀਤੀ ਬਿਨਾਂ, ਇਕ ਰਤੀ ਬਿਨਾਂ ਇਹ ਸਾਰੇ ਮੱਤ ਮਤਾਂਤ੍ਰ ਕਿਸੇ ਕੌਡੀ ਦੇ ਲੇਖੇ ਨਹੀਂ ਪੈਂਦੇ। ਇਹ ਸਾਫ਼ ਸਿੱਟਾ ਗੁਰੂ ਸਾਹਿਬ ਨੇ ਕੱਢ ਦਿੱਤਾ ਹੈ। ਇਸੇ ਪ੍ਰਕਾਰ ਹੀ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲਾ ਸਾਰਾ ਸ੍ਰੀ ਮੁਖਵਾਕ ਤੱਤ ਗੁਰਮਤਿ ਅਨੁਸਾਰ ਵੀਚਾਰ ਲਵੋ ਕਿ ਇਸ ਗੁਰਵਾਕ ਅੰਦਰ ਕਿਸੇ ਭੀ ਆਨਮਤੀ ਪੂਜਾ ਕਿਸੇ ਭੀ ਮੱਤ ਦੀ ਨਹੀਂ ਦਰਸਾਈ ਦ੍ਰਿੜ੍ਹਾਈ, ਬਲਕਿ ਸੱਚੇ ਪਾਤਸ਼ਾਹ ਦਾ ਸਾਫ਼ ਇਹੋ ਭਾਵ ਹੈ ਕਿ ਗੁਰਮਤਿ ਅੰਦਰ ਜਾਤ ਪਾਤ ਦਾ ਕੋਈ ਵਿਤਕਰਾ ਨਹੀਂ। ਅੰਮ੍ਰਿਤ ਛੱਕ ਕੇ ਸਭ ਵਰਨਾਂ ਦੇ ਇਕੋ ਭਾਈ ਗੁਰਮਤ ਜ਼ਾਤ ਦੇ ਇਕੋ ਭਾਈ ਬਣ ਜਾਂਦੇ ਹਨ।

"ਕਰਤਾ ਕਰੀਮ ਸੋਈ, ਰਾਜ਼ਕ ਰਹੀਮ ਓਈ,
ਦੂਸਰੋ ਨਾ ਭੇਦ ਕੋਈ, ਭੂਲ ਭ੍ਰਮ ਮਾਨਬੋ।"

ਕੇਵਲ ਭੁੱਲੇ ਭ੍ਰਮੇ ਹੋਏ ਪੁਰਖ ਹੀ ਇਸ ਮਾਨਸ ਜਾਤੀ ਭੇਦ ਨੂੰ ਮੰਨਦੇ ਹਨ। ਲੋਕ ਬਣੇ ਬਣਾਤੇ ਹੀ ਆਨਮਤੀ ਪੂਜਾ ਨੂੰ ਗੁਰਮਤਿ ਅੰਦਰ ਥਾਉਂ ਦਿੰਦੇ ਹਨ। ਗੁਰੂ ਪਾਤਸ਼ਾਹ ਦਾ ਸਪਸ਼ਟ ਭਾਵ ਇਹ ਹੈ ਕਿ ਇਹ ਭ੍ਰਮ ਭੇਦ ਤਦੇ ਹੀ ਮਿਟਦਾ ਹੈ ਜੇਕਰ ਗੁਰਮਤਿ ਦਾਇਰੇ ਵਿੱਚ ਆ ਕੇ ਸਾਰੇ ਪ੍ਰਾਨੀ, ਆਨਮਤਾਂ ਦੇ, ਅੰਮ੍ਰਿਤ ਛੱਕ ਕੇ ਇਕੋ ਹੀ ਹੋ ਜਾਣ :-

"ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ, ਏਕ ਹੀ ਸਰੂਪ, ਸਭੈ ਏਕੈ ਜਾਤਿ ਜਾਨਬੋ।"

ਵਾਲੀ ਗੁਰਵਾਕ ਪੰਗਤੀ ਸਪਸ਼ਟ ਫੈਸਲਾ ਕਰਦੀ ਹੈ ਕਿ ਸਾਰੇ ਪ੍ਰਾਣੀਆਂ ਦਾ ਇਕੋ ਹੀ ਗੁਰਦੇਵ ਹੋ ਸਕਦਾ ਹੈ। ਇਹ ਤਦੇ ਹੀ ਹੋ ਸਕਦਾ ਹੈ ਜੇਕਰ ਸਾਰੇ ਪ੍ਰਾਣੀ ਅੰਮ੍ਰਿਤ ਛਕ ਕੇ ਇਕੋ ਗੁਰਮਤਿ ਵਾਲੀ



www.AKJ.Org

ਮੱਤ ਦੇ ਹੋ ਜਾਣ। ਸਾਰਿਆਂ ਦਾ ਇਕੋ ਗੁਰਦੇਵ ਤਦੇ ਹੋ ਸਕਦਾ ਹੈ ਜੇ ਪ੍ਰਮਾਰਥਕ ਵਿਧੀ ਅਨੁਸਾਰ ਪ੍ਰਮਾਰਥੀ ਬਣ ਕੇ ਗੁਰਦੇਵ ਧਾਰਨਾ ਨਹੀਂ ਤਾਂ ਔਝੜ ਪਏ ਹੋਏ ਗੁਰਮਤਿ ਵਿਹੂਣੇ ਦੇਟਾਂ ਹੀ ਖਾਣਗੇ। ਇਸੇ ਪਰਕਾਰ ਅਗਲੇ ਸਮੁੱਚੇ ਸ੍ਰੀ ਦਸਮੇਸ਼ ਵਾਕ ਇਹ ਹੀ ਦ੍ਰਿੜ੍ਹਾਉਂਦੇ ਹਨ ਕਿ ਗੁਰਮਤ ਤੱਤ ਅਨੁਸਾਰ ਹਰੇਕ ਪ੍ਰਾਣੀ ਦਾ ਨਿਸਤਾਰਾ ਤਦੇ ਹੋ ਸਕਦਾ ਹੈ, ਜੇਕਰ ਉਹ ਸਾਊ ਬਣ ਕੇ, ਸੁੱਚਮਤਾ ਧਾਰਨ ਕਰ ਕੇ, ਸੱਚੇ ਗੁਰੂ ਦਾ ਦੁਆਰਾ ਗ੍ਰਹਿਣ ਕਰ ਲੈਣ, ਨਹੀਂ ਤਾਂ ਉਨ੍ਹਾਂ ਦਾ ਠਿਕਾਣਾ ਹੀ ਕੋਈ ਨਹੀਂ। ਹਰ ਪ੍ਰਾਣੀ ਮਾਤਰ ਦੇ ਇਕਸਾਰ ਨੈਨ ਏਨ ਕੰਨ ਆਦਿਕ ਹਨ। ਇਹਨਾਂ ਵਿਤਕਰਿਆਂ ਵਿਚ ਪੈ ਕੇ ਉਹ ਆਪਣਾ ਜਨਮ ਬਿਰਥਾ ਹੀ ਗੰਵਾ ਲੈਂਦੇ ਹਨ। ਗੁਰੂ ਘਰ ਅੰਦਰ ਕੋਈ ਭੀ ਭੇਦ ਨਹੀਂ। ਆਨਮਤਿ ਦੇ ਗਾਹਕ, ਢਿਲੜ ਪੁਰਸ਼ ਇਹਨਾਂ ਗੁਰਵਾਕਾਂ ਦਾ ਭਾਵ ਢਿੱਲਾ ਹੀ ਲੈਂਦੇ ਹਨ ਅਤੇ ਇਹੋ ਹੀ ਦ੍ਰਿੜ੍ਹ ਕਰੀ ਬੈਠੇ ਹਨ ਕਿ ਮਨੁੱਖ ਮਾਤਰ ਦਾ ਕਲਿਆਣ ਇਵੇਂ ਹੀ ਹੋ ਸਕਦਾ ਹੈ, ਜੋ ਉਨ੍ਹਾਂ ਦੀ ਫੋਕੀ ਡੀਂਗ ਹੈ। ਇਸੇ ਫੋਕੀ ਡੀਂਗ ਦੇ ਅਧੀਨ ਹੋ ਕੇ ਪਰਸਿੱਧ ਪੁਲੀਟੀਕਲ ਨੇਤਾ ਫੋਕੀਆਂ ਡੀਂਗਾਂ ਮਾਰਨੋ ਸੰਕੋਚਦੇ ਨਹੀਂ ਕਿ ਮੁਲਕ ਦਾ ਭਲਾ ਇਸੇ ਵਿਚ ਹੀ ਹੈ ਕਿ ਉਨ੍ਹਾਂ ਦੀ ਹਦਾਇਤ ਅਨੁਸਾਰ ਜਾਤ ਪਾਤ ਦੇ ਵਿਤਕਰੇ ਨੂੰ ਛੱਡ ਕੇ ਅਕਾਲ ਪੁਰਖ ਤੋਂ ਮੁਨਕਰ ਹੋ ਬੈਠਣ ਅਰਥਾਤ ਉਹ ਇਹ ਚਾਹੁੰਦੇ ਹਨ ਕਿ ਹਰ ਪ੍ਰਾਨੀ ਮਾਤਰ ਆਪੇ ਹੀ ਜਾਤ ਪਾਤ ਦੀ ਰੰਗਣਾਂ ਵਿਚ ਰੰਗੀਜਿਆ ਜਾ ਸਕਦਾ ਹੈ। ਇਸੇ ਖਿਆਲ ਨੂੰ ਮੁਖ ਰੱਖ ਕੇ ਹਰੀਜਨਾਂ ਦੀ ਲਹਿਰ ਚਲਾਈ ਗਈ। ਉਨ੍ਹਾਂ ਦੇ ਖਿਆਲ ਅੰਦਰ ਇਹ ਜਚਿਆ ਹੋਇਆ ਹੈ ਕਿ ਹਰੀਜਨ ਆਪੇ ਹੀ ਉਧਰ ਸਕਦੇ ਹਨ। ਇਹ ਇਕ ਪਰਕਾਰ ਪਰਮਾਤਮਾ ਦੇ ਨਾਲ ਪੂਰੀ ਹਮਸਰੀ (ਬਰਾਬਰੀ) ਦਾ ਖਿਆਲ ਹੈ। ਇਸੇ ਕੋਝੇ ਖਿਆਲ ਕਰ ਕੇ ਉਨ੍ਹਾਂ ਨੇ ਹਰੀਜਨਾਂ ਨੂੰ ਉਭਾਰਨ ਲਈ ਰੀਜ਼ਰਵ ਸੀਟਾਂ ਆਪਣੇ ਪੁਲੀਟੀਕਲ ਏਜੰਡੇ ਵਿਚ ਰੱਖੀਆਂ ਹੋਈਆਂ ਹਨ। "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲੇ ਗੁਰਵਾਕ ਦਾ ਇਹੀ ਲੋਕ ਕੋਝਾ ਅਰਥ ਬਣਾਉਂਦੇ ਹਨ ਕਿ ਹਰੇਕ ਮੱਤ ਮਤਾਂਤਰੀ ਅਵਸੱਥਾ ਵਾਲੇ ਪ੍ਰਾਨੀ ਮਾਤਰ ਬਿਨਾਂ ਪਰਮਾਤਮਾ ਦੀ ਪ੍ਰਮਾਰਥੀ ਸਹਾਇਤਾ ਦੇ ਹੀ ਉਧਰ ਸੁਧਰ ਸਕਦੇ ਹਨ। ਇਸ ਗੱਲ ਨੂੰ ਉਹ ਉਕਾ ਹੀ ਨਹੀਂ ਵਿਚਾਰਦੇ ਕਿ ਪਰਮਾਤਮਾ ਨੇ ਤਿਨ੍ਹਾਂ ਹਰੀਜਨਾਂ ਦੇ ਪੂਰਬਲੇ ਕਰਮਾਂ ਅਨੁਸਾਰ ਹੀ ਕਿਸੇ ਜਨਮ ਜਾਤੀ ਅੰਦਰ ਪੈਦਾ ਕੀਤਾ, ਜਿਸ ਦੇ ਉਹ ਮੁਸਤਹਿਕ ਸਨ। ਇਨ੍ਹਾਂ ਖਿਆਲਾਂ ਵਾਲੇ ਹੀ ਸਿਖ ਨੇਤਾ ਜਨ ਇਜੇਹੇ ਪੁਲੀਟੀਕਲ ਨੇਤਾਵਾਂ ਦੀ ਰੀਸੋ ਘੜੀਸੇ ਆਪਣੇ ਪਰਸਿੱਧ ਅਕਾਲੀ ਮੱਤ ਅੰਦਰ ਭੀ ਓਹੀ ਕੁੱਛ ਘਸੋੜ ਰਹੇ ਹਨ ਅਤੇ ਇਸ ਮੱਤ ਦੇ ਰਾਗੀ ਉਪਦੇਸ਼ਕ ਸਦਾਉਣ ਵਾਲੇ ਆਗੂ ਭੀ ਅਕਸਰ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲੇ ਉਪਰ ਦਸੇ ਅਰਥ ਕਰਿਆ ਕਰਦੇ ਹਨ, ਕਰਨੋਂ ਸੰਕੋਚਦੇ ਹੀ ਨਹੀਂ। ਸ੍ਰੀ ਗੁਰੂ ਦਸਮੇਸ਼ ਜੀ ਦੀ ਦਸੀ ਖਾਲਸਈ ਰਹਿਤ ਬਹਿਤ ਤੇ ਸਮੱਗਰ ਗੁਰੂ ਸਾਹਿਬਾਨ ਦੀ ਦ੍ਰਿੜ੍ਹਾਈ ਰਹਿਤ ਬਹਿਤ ਨੂੰ ਪਿੱਠ ਦਿੰਦੇ ਹੋਏ ਸਮੱਗਰ ਪੰਥਕ ਸ਼੍ਰੇਣੀ ਨੂੰ ਗੁਰੂ ਸਾਹਿਬਾਨ ਦੀ ਸੱਚੀ ਬਖਸ਼ਸ਼ ਤੋਂ ਬੇਮੁਖ ਕਰਾ ਕੇ ਮਿਲਗੋਭਾ ਪੰਥੀ ਬਣਾ ਰਹੇ ਹਨ। ਇਸ ਪਰਕਾਰ ਉਹ ਨਵੀਨ ਕਾਂਗਰਸੀ ਨੇਤਾਵਾਂ ਦੀ ਨਿਖਰੁੰਮੀ ਚਾਲ ਤੇ ਚਲ ਰਹੇ ਹਨ।

ਇਸ ਨਵੀਂ ਚਾਲ ਢਾਲ ਦਾ ਅਕਾਲੀ ਲੀਡਰਾਂ ਉਤੇ ਐਸਾ ਅਸਰ ਪਿਆ ਹੈ ਕਿ ਉਹ ਭੀ ਪੁਲੀਟੀਕਲ ਨੇਤਾਵਾਂ ਦੀ ਪਰਸਿੱਧ ਚਾਲ ਢਾਲ ਅਨੁਸਾਰ ਖੁਦ ਭੀ ਚਲ ਰਹੇ ਹਨ ਅਤੇ ਸਾਰੇ ਪੰਥ ਨੂੰ ਚਲਾ ਰਹੇ ਹਨ। ਤਿਨ੍ਹਾਂ ਅਕਾਲੀ ਲੀਡਰਾਂ ਦੇ ਖਿਆਲ ਅੰਦਰ ਇਹ ਗੱਲ ਪੱਕੇ ਤੌਰ ਤੇ ਸਮਾ ਗਈ ਹੋਈ ਹੈ ਕਿ ਜੋ ਕੁਝ ਭੀ ਨਵੀਨ ਕਾਂਗਰਸੀ ਨੇਤਾ ਆਪਣੀ ਕੁਬੁੱਧੀ ਅਨੁਸਾਰ ਦ੍ਰਿੜ੍ਹਾ ਦਰਸਾ ਰਹੇ ਹਨ, ਓਹੀ ਸੱਚੀ ਗੁਰਮਤਿ ਹੈ। ਜਿਸੇ ਕਰਕੇ ਇਨ੍ਹਾਂ ਲੀਡਰਾਂ ਦਾ ਨਿਰਭੈ ਹੋ ਕੇ ਇਹ ਪਰਚਾਰ ਚਲ ਰਿਹਾ ਹੈ। ਜੈਸਾ ਕਿ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।" ਵਾਲੇ ਗੁਰਵਾਕ ਅਨੁਸਾਰ ਉੱਪਰ ਦਰਸਾਇਆ ਗਿਆ ਹੈ, ਪਰ ਯਾਦ ਰੱਖੋ ਕਿ ਨਾ ਹੀ ਇਹ ਅਕਾਲੀ ਲੀਡਰ ਅਤੇ ਨਾ ਹੀ



www.AKJ.Org

ਕਾਂਗਰਸੀ ਨੇਤਾ ਅਕਾਲ ਪੁਰਖ ਦੀ ਸੱਚੀ ਚਲਾਈ ਹੋਈ ਰੀਤ ਅਨੁਸਾਰ ਚੱਲ ਸਕਦੇ ਹਨ। ਅਕਾਲ ਪੁਰਖ ਸੱਚੇ ਪਾਤਸ਼ਾਹ ਪਰਮਾਤਮਾ ਦੇਵ ਨੂੰ ਜਿੱਥੇ ਜਿੱਥੇ ਮਨਜ਼ੂਰ ਸੀ ਤਿਥੇ ਤਿਥੇ ਹੀ ਸਭ ਜੀਵਾਂ ਦੇ ਪੂਰਬਲੇ ਕਰਮਾਂ ਅਨੁਸਾਰ ਜਨਮ ਦਾਨ ਦਿੱਤਾ। ਹਰੀਜਨਾਂ ਨੂੰ ਕੋਈ ਭੀ ਸੰਸਾਰਕ ਨੇਤਾ ਚਾਹੇ ਕਿਤਨਾ ਹੀ ਵੱਡਾ ਕਹਾਉਣ ਵਾਲਾ ਹੋਵੇ ਉੱਚਾ ਨਹੀਂ ਕਰ ਸਕਦਾ। "ਨੀਚਹੁ ਊਚ ਕਰੈ ਮੇਰਾ ਗੋਬਿੰਦੁ" ਗੁਰਵਾਕ ਦੇ ਭਾਵ ਅਨੁਸਾਰ ਇਹ ਕੇਵਲ ਗੁਰੂ ਅਕਾਲ ਪੁਰਖ ਹੀ ਹੈ ਜੋ ਸੱਚੜਾ ਜੀਅਦਾਨ ਦੇ ਕੇ ਹਰ ਪਰਕਾਰ ਦੀ ਸ਼੍ਰੇਣੀ ਵਿਚੋਂ ਹਰ ਪ੍ਰਾਣੀ ਨੂੰ ਉੱਧਾਰ ਸਕਦਾ ਹੈ। ਹੁਣ ਤਾਈਂ ਧੁਰੰਧਰੋਂ ਇਹ ਸੱਚੀ ਸੁਰੀਤ ਗੁਰੂ ਘਰ ਵਿਚ ਚਲੀ ਆਉਂਦੀ ਹੈ ਕਿ ਹਰ ਪਰਾਨੀ ਮਾਤਰ ਨੂੰ ਅੰਮ੍ਰਿਤ ਕੇ ਹੀ ਗੁਰੂ ਕੇ ਲੰਗਰ ਵਿਖੇ ਰਲਣ ਮਿਲਣ ਦਾ ਅਧਿਕਾਰ ਸੀ। ਖ਼ਾਸ ਕਰ ਅੱਜ ਕੱਲ੍ਹ ਦੇ (So called) ਹਰੀਜਨਾਂ ਨੂੰ ਅੰਮ੍ਰਿਤ ਦਾ ਬਾਟਾ ਛਕਾਏ ਬਿਨਾਂ ਗੁਰੂ ਘਰ ਦੇ ਲੰਗਰ ਵਿਚ ਇੱਕ ਮਿੱਕ ਹੋਣ ਦਾ ਅਧਿਕਾਰ ਨਹੀਂ ਸੀ। ਅੱਜ ਕੱਲ੍ਹ ਐਸੀ ਮਾਰ ਵੱਗੀ ਹੋਈ ਹੈ ਕਿ ਅਸਾਡੇ ਅਕਾਲੀ ਜਨ ਭੀ ਨਵੀਨ ਨੇਤਾਵਾਂ ਦੀ ਸ਼ਹਿ ਅਨੁਸਾਰ ਬਿਨਾਂ ਅੰਮ੍ਰਿਤ ਛਕਾਏ ਹੀ ਗੁਰੂ ਕੇ ਲੰਗਰ ਵਿਚ ਸ਼ਾਮਲ ਕਰ ਰਹੇ ਹਨ। ਇਨ੍ਹਾਂ ਅਕਾਲੀ ਜਨਾਂ ਦੇ ਖਿਆਲ ਅੰਦਰ ਕੀ ਕਾਂਗਰਸੀ ਪਰਸਿੱਧ ਨੇਤਾਵਾਂ ਦੀ ਨਿਆਈਂ ਇਹੋ ਗੱਲ ਸਮਾਈ ਹੋਈ ਹੈ ਕਿ ਹਰੀਜਨਾਂ ਨੂੰ ਅੰਮ੍ਰਿਤ ਛਕਾਉਣ ਦੀ ਲੋੜ ਹੀ ਕੋਈ ਨਹੀਂ। ਇਸੇ ਸੁਖ ਰਹਿਣੀ ਰਹਿਤ ਵਾਲੇ ਫਿਲੜ ਖਿਆਲਾਂ ਦੇ ਅਧੀਨ ਹੋ ਕੇ ਲੋਕ ਹਰੀਜਨਾਂ ਨੂੰ ਆਪੋਂ ਹੀ ਉਧਰਿਆ ਹੋਇਆ ਦੇਖਿਆ ਲੋੜਦੇ ਹਨ। ਹਾਲਾਂ ਕਿ ਸਿਵਾਏ ਚਗਲ੍ਹਪੁਣੇ ਦੇ ਇਨ੍ਹਾਂ ਹਰੀਜਨਾਂ ਨੇ ਗੁਰੂ ਪੰਥ ਦਾ ਕਖ ਭੀ ਨਹੀਂ ਸੰਵਾਰਨਾ, ਓੜਕ ਆਪੋਂ ਖੁਰਦ ਬੁਰਦ ਹੋ ਜਾਣਗੇ ਤੇ ਇਨ੍ਹਾਂ ਦੀਆਂ ਰੀਜ਼ਰਵ ਰੱਖੀਆਂ ਹੋਈਆਂ ਸੀਟਾਂ ਭੀ ਰੁਲ ਖੁਲ ਜਾਣਗੀਆਂ, ਜਿਸ ਦੀ ਕਨੌਡ ਅਨੁਸਾਰ ਉਹ ਅੱਜ ਫੁੱਲੇ ਨਹੀਂ ਸਮਾਉਂਦੇ। ਬਨੀ ਇਨਸਾਨ ਦਾ ਨਿਜ਼ਾਮ ਜੋ ਅਕਾਲ ਪੁਰਖ ਕਰਤੇ ਪੁਰਖ ਨੂੰ ਮਨਜ਼ੂਰ ਹੈ, ਓਹ ਇਨ੍ਹਾਂ ਅਲਪੱਗ ਇਨਸਾਨਾਂ ਤੋਂ ਹਰਗਿਜ਼ ਹੋ ਨਹੀਂ ਸਕਦਾ। ਅੱਜ ਕੱਲ੍ਹ ਜੋ ਪਰਪਾਟੀ ਅਸਾਡੇ ਅਕਾਲੀ ਲੀਡਰਾਂ ਅੰਦਰ ਭੀ ਪਈ ਹੋਈ ਹੈ, ਓਹ ਕੇਵਲ ਇਸੇ ਗਲ ਦੀ ਤਰਜਮਾਨੀ ਕਰਦੀ ਹੈ ਕਿ ਜੋ ਕੁਛ ਭੀ ਪੁਲੀਟੀਕਲ ਦਾਇਰੇ ਅੰਦਰ ਹੋ ਰਿਹਾ ਹੈ, ਓਸੇ ਅਨੁਸਾਰ ਹੀ ਚਲਿਆਂ ਸਭ ਦੀ ਕਲਿਆਣ ਹੈ ਅਤੇ ਇਸੇ ਗੱਲ ਨੂੰ ਮੁਖ ਰੱਖ ਕੇ ਸ੍ਰੀ ਗੁਰੂ ਦਸਮੇਸ਼ ਜੀ ਦੀ ਦੱਸੀ ਅਤੇ ਦ੍ਰਿੜ੍ਹਾਈ ਸੱਚੀ ਰਹਿਤ ਬਹਿਤ ਤੋਂ ਉਕੀ ਬੇਮੁਖਤਾਈ ਹੋ ਰਹੀ ਹੈ। ਇਨ੍ਹਾਂ ਹੀ ਰੰਗਾਂ ਵਿਚ ਰੰਗੀਜ ਕੇ ਸ੍ਰੀ ਗੁਰੂ ਸਾਹਿਬਾਨ ਦੀ ਨਾਮ ਬਾਣੀ ਦੀ ਅਨੁਸਾਰਤਾ ਨੂੰ ਤਾਂ ਤਿਲਾਂਜਲੀ ਦੇ ਕੇ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲੇ ਗੁਰਵਾਕ ਅੰਦਰ ਸਪਸ਼ਟ ਤੌਰ ਤੇ ਇਹ ਦ੍ਰਿੜ੍ਹਾਇਆ ਹੈ ਕਿ ਹਰ ਪ੍ਰਾਨੀ ਮਾਤਰ ਦਾ ਸੱਚੜਾ ਉਧਾਰ ਸੱਚੀ ਸਿਖਿਆ ਤੇ ਚਲਿਆਂ ਹੀ ਹੋ ਸਕਦਾ ਹੈ, ਅਰਥਾਤ ਹਰੇਕ ਇਨਸਾਨ ਨੂੰ ਗੁਰੂ ਕਾ ਅੰਮ੍ਰਿਤ ਛਕਾਣ ਦੀ ਗੁਰੂ ਘਰ ਵਿਖੇ ਖੁਲ੍ਹ ਹੈ। ਖੁਲ੍ਹੇ ਖਿਆਲਾਂ ਵਾਲੇ, ਤਤ ਗੁਰਮੱਤ ਤੋਂ ਹੀਣ, ਮੀਣੇ ਮੋਮਨ ਇਹ ਅਨੁਮਾਨ ਆਪਣੇ ਫਿਲੜ ਖਿਆਲਾਂ ਅਨੁਸਾਰ ਲਾਇਆ ਕਰਦੇ ਹਨ ਕਿ ਗੁਰੂ-ਘਰ ਅੰਦਰ ਹਰੇਕ ਮੱਤ ਮਤਾਂਤਰੀ ਬਵੱਸਥਾ ਵਾਲੇ ਦਾ ਉਧਾਰ ਹੋਇਆ ਪ੍ਰਮਾਣੀਕ ਹੈ, ਹਾਲਾਂ ਕਿ ਸ੍ਰੀ ਗੁਰੂ ਦਸ਼ਮੇਸ਼ ਜੀ ਦੀ ਬਾਣੀ ਇਸ ਪਰਕਾਰ ਆਨਮਤੀ ਖਿਆਲਾਂ ਵਾਲੇ ਉੱਪਰ ਦੱਸੇ ਫਿਲੜਾਂ ਦੀ ਗਤੀ ਕਰਦੀ ਹੈ। ਯਥਾ ਗੁਰਵਾਕ :-

"ਜੋਗੀ ਜਤੀ ਜਟਾਧਾਰੀ, ਸਾਚੇ ਵਡੇ ਬ੍ਰਹਮਚਾਰੀ, ਸਿਆਨ ਕਾਜ ਭੂਖ ਪਿਆਸ ਦੇਹ ਪੈ ਸਹਿਤ ਹੈ। ਨਿਉਲੀ ਕਰਮ ਜਲ ਹੋਮ ਪਾਵਨ ਪਵਨ ਹੋਮ ਅਧੋ ਮੁਖ ਏਕ ਪਾਇੰ ਠਾਢੇ ਨ ਬਹਿਤ ਹੈਂ। ਮਾਨਵ ਫਨਿੰਦ ਦੇਵ ਦਾਨਵ ਨਾ ਪਾਵੈ ਭੇਦ ਬੇਦ ਔ ਕਤੇਬ ਨੇਤ ਨੇਤ ਹੀ ਕਹਿਤ ਹੈਂ।"

ਇਸੇ ਪਰਕਾਰ ਸਾਰੀ ਗੁਰਬਾਣੀ ਅੰਦਰ ਸ੍ਰੀ ਗੁਰੂ ਦਸ਼ਮੇਸ਼ ਜੀ ਨੇ ਆਪਣੇ ਸ੍ਰੀ ਮੁੱਖਵਾਕ



www.AKJ.Org

ਉਪਦੇਸ਼ਾਂ ਦੁਆਰਾ ਜੋ ਕੁਝ ਦ੍ਰਿੜ੍ਹਾਇਆ ਹੈ ਕਿ ਆਨਮਤੀ ਬੇਦ ਕਤੇਬਾਂ ਆਦਿਕ ਨਿਉਲੀ ਕਰਮਾਂ ਦੀ ਓਦੋਂ ਤਾਈਂ ਅਧੋਗਤੀ ਹੀ ਰਹੇਗੀ, ਜਦੋਂ ਤਾਈਂ ਕਿ ਉਹ ਅੰਮ੍ਰਿਤ ਛਕ ਕੇ ਤਿਆਰ ਬਰ-ਤਿਆਰ ਨਹੀਂ ਸੱਜ ਜਾਂਦੇ। ਸ੍ਰੀ ਗੁਰੂ ਦਸ਼ਮੇਸ਼ ਜੀ ਦੀ ਸਮੱਗਰ ਬਾਣੀ "ਆਨ ਸੇਵ ਟੇਵ" ਦੀ ਪਖੰਡ ਕਿਰਿਆ ਨੂੰ ਰੱਦ ਕਰ ਕੇ ਸਭਨਾਂ ਦੇ ਸੀਸ ਉਪਰ ਸੱਚੀ ਗੁਰਮਤਿ ਦਾ ਸੱਚਾ ਪੌਲਾ ਠੋਕ ਕੇ ਵਜਾ ਕੇ ਖੂਬ ਦ੍ਰਿੜ੍ਹਾਉਂਦੀ ਹੈ ਅਤੇ ਅਸਾਡੇ ਮੋਮਨ ਖਿਆਲਾਂ ਵਾਲੇ ਅਤੇ ਗੁਰਮਤਿ ਹੀਣੇ ਇਸ ਸੱਚੀ ਗੁਰਮਤਿ ਤੋਂ ਬਿਪਰਜੇ ਵਿਲੜ ਖਿਆਲਾਂ ਵਾਲੀ ਕੁਰੀਤੀ ਨੂੰ ਹੀ ਮੁੱਖ ਰਖਾਉਂਦੇ ਹਨ, ਜੈਸਾ ਕਿ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲੇ ਗੁਰਵਾਕ ਦੇ ਭਾਵ ਅੰਦਰ ਭਲੀ ਬਿਧਿ ਦ੍ਰਿੜ੍ਹਾਇਆ ਗਿਆ ਹੈ।

ਇਸ ਲੇਖ ਪਰਥਾਏ ਅਗੇ ਬਹੁਤ ਕੁਝ ਲਿਖਿਆ ਹੈ, ਸ੍ਰੀ ਦਸ਼ਮੇਸ਼ ਜੀ ਦੀ ਬਾਣੀ ਵਿਖੇ ਇੱਕ ਹੀ ਸ਼ਬਦ ਅੰਦਰ "ਗੁਰਮਤਿ ਮੰਡਨ ਅਤੇ ਆਨ-ਮਤਿ ਖੰਡਨ" ਦੇ ਇਸ਼ਾਰੇ ਮਿਲਦੇ ਹਨ। ਜਿੱਥੇ ਸ੍ਰੀ ਦਸ਼ਮੇਸ਼ ਜੀ ਨੇ ਆਪਣੀ ਬਾਣੀ ਅੰਦਰ ਇਹ ਦਰਸਾਇਆ ਹੈ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ", ਉਸੇ ਸਵਯੇ ਅੰਦਰ ਹੀ ਸ੍ਰੀ ਦਸ਼ਮੇਸ਼ ਜੀ ਨੇ ਆਪਣੀ ਬਾਣੀ ਦੁਆਰਾ ਏਸ ਗੁਰਮਤਿ ਖਿਆਲ ਦਾ ਖੰਡਨ ਕੀਤਾ ਹੈ ਕਿ ਗੁਰਮਤਿ ਅਨੁਸਾਰ ਸੱਚਾ ਗਿਆਨ ਗੁਰੂ ਸਾਹਿਬ ਨੇ ਤਿਸੇ ਗੁਰਸਿਖ ਨੂੰ ਬਖਸ਼ਿਆ ਹੈ, ਜੋ ਗੁਰਸਿਖ ਸ੍ਰੀ ਦਸ਼ਮੇਸ਼ ਦਰਸਾਈ ਰਹਿਤ ਰਹਿਣੀ ਅਨੁਸਾਰ ਅੰਮ੍ਰਿਤ ਛਕ ਕੇ ਹੀ, ਅੰਮ੍ਰਿਤਧਾਰੀ ਬਣਕੇ ਹੀ, ਪਿਛੋਂ ਇਸ ਗੁਰੂ ਗਿਆਨ ਕਲਾ ਨੂੰ ਪਰਾਪਤ ਹੁੰਦਾ ਹੈ। ਉਸ ਦੇ ਨਜ਼ਦੀਕ ਮਾਨਸ ਦੀ ਜਾਤ ਸਭ ਏਕੈ ਹੀ ਪਹਿਚਾਨੀ ਜਾਂਦੀ ਹੈ। ਇਹ ਹਰਗਿਜ਼ ਸ੍ਰੀ ਦਸ਼ਮੇਸ਼ ਦਾ ਭਾਵ ਨਹੀਂ ਹੈ ਕਿ ਬਿਨਾਂ ਅੰਮ੍ਰਿਤ ਛਕੇ ਦੇ ਉਸ ਗੁਰਸਿਖ ਨੂੰ ਗੁਰੂ ਗਿਆਨ ਕਲਾ ਪਰਾਪਤ ਹੋ ਜਾਂਦੀ ਹੈ। ਰਾਮ ਰਹੀਮ ਆਨਮਤ ਦੀ ਉਪਾਸ਼ਨਾ ਨੂੰ ਸ੍ਰੀ ਗੁਰੂ ਸਾਹਿਬ ਸ੍ਰੀ ਗੁਰੂ ਦਸ਼ਮੇਸ਼ ਜੀ ਨੇ ਹਰਗਿਜ਼ ਗੁਰਮਤਿ ਦਾ ਵਿਧਾਨ ਨਹੀਂ ਦਿਤਾ।

ਸ੍ਰੀ ਦਸ਼ਮੇਸ਼ ਫਿਲਾਸਫੀ ਅਨੁਸਾਰ ਇਹ ਹਰਗਿਜ਼ ਇਨ੍ਹਾਂ ਸਵਯਾਂ ਦਾ ਭਾਵ ਨਹੀਂ ਕਿ ਮਨੁੱਖ ਜਾਤੀ ਹਰੇਕ ਫਰਦੇ ਬਸ਼ਰ ਆਪੋਂ ਹੀ ਯਾ ਆਨਮਤਿ ਦਰਸਾਈ ਗਿਆਨ ਘੋਟਨੀ ਦੁਆਰਾ ਉਸ ਪਦਵੀ ਨੂੰ ਪਹੁੰਚ ਸਕਦਾ ਹੈ ਜੋ ਅਜ ਕਲ ਦੇ ਵਿਗੜੇ ਹੋਏ ਚੁੰਚ ਗਿਆਨੀ ਧਿੰਗੋਜ਼ੋਰੀ ਆਪਣੇ ਆਪ ਨੂੰ, ਬਿਨਾਂ ਗੁਰਮਤਿ ਰਹਿਣੀ ਦੇ, ਪਹੁੰਚਿਆ ਹੋਇਆ ਸਿਧ ਕਰਦੇ ਹਨ।

"ਪਾਂਚ ਬਾਰ ਗੀਦੜ ਪੁਕਾਰੇ ਪਰੇ ਸੀਤ ਕਾਲ" ਵਾਲੇ ਸ੍ਵੈਯੇ ਅੰਦਰ ਗੁਰੂ ਸਾਹਿਬ ਨੇ ਤਿਨ੍ਹਾਂ ਆਨਮਤੀਆਂ ਦੀ ਆਪੋਂ ਦਰਸਾਈ ਅਤੇ ਆਨਮਤਿ ਮਹਿਕਾਈ ਸਿਖਿਆ ਦੁਆਰਾ ਉਚੀ ਟੇਰ ਪੁਕਾਰ ਕਰਕੇ ਆਨਮਤੀਆਂ ਵਾਲੀ ਮਨਮੰਨੀ ਪੁਕਾਰ ਦਾ ਖੰਡਨ ਕੀਤਾ ਹੈ। ਇਸ ਦਾ ਹਰਗਿਜ਼ ਇਹ ਭਾਵ ਨਹੀਂ ਕਿ ਉਚੀ ਉਚੀ ਨਾਮ ਜਪਣਾ ਨਹੀਂ ਚਾਹੀਦਾ। ਅਸੀਂ ਇਕੋ ਮਿਸਾਲ ਦੁਆਰਾ ਇਸ ਭਾਵ ਨੂੰ ਭਲੀ ਪਰਕਾਰ ਖੋਲ੍ਹ ਦਿੰਦੇ ਹਾਂ। ਅਸਾਡੇ ਪਿੰਡਾਂ ਅੰਦਰ ਇਕ ਨਗਨ ਵੈਰਾਗੀ ਰਹਿੰਦਾ ਹੁੰਦਾ ਸੀ। ਉਹ ਆਪਣੀ ਪ੍ਰਭਤਾ ਵਧਾ-ਉਣ ਲਈ ਇਕ ਅੱਧੀ ਵਾਰ ਹੀ ਉਸ ਨਗਨ ਦਸ਼ਾ ਵਿਚ ਘੁੱਘ ਗਿਰਾਂਵ ਵਿੱਚ ਭਿਖਿਆ ਮੰਗਣ ਲਈ ਆਉਂਦਾ ਹੁੰਦਾ ਸੀ। ਅਤੇ ਇਕ ਥਾਉਂ ਇਕ ਪਰਸ਼ਾਦਾ ਹੀ ਲੈ ਕੇ ਸਬਰ ਸਬੂਰ ਜਣਾਉਂਦਾ ਹੁੰਦਾ ਸੀ। ਇੱਕ ਵਾਰ ਆਪਣੀ ਪ੍ਰਭਤਾ ਵਧਾਉਣ ਖਾਤਰ ਉਸ ਨੇ ਇਕੋ ਪਰਸ਼ਾਦਾ ਭਿੱਖਿਆ ਮੰਗਿਆ ਹੋਇਆ ਕੁੱਤੇ ਨੂੰ ਸਿਟ ਦਿੱਤਾ ਕਿ ਅਸਾਡੇ ਨਾਲੋਂ ਤਾਂ ਇਹੋ ਚੰਗਾ ਹੈ। ਬੱਸ ਇਹ ਪਖੰਡ ਦਰਸਾਉਣ ਦੀ ਦੇਰ ਸੀ ਕਿ ਦੁਨੀਆਂ ਉਹਦੇ ਪਿੱਛੇ ਪਹੁੰਚਿਆਂ ਹੋਇਆ ਸਮਝ ਕੇ ਪੈ ਗਈ। ਉੱਥੋਂ ਉਠ ਕੇ ਉਹ ਪਿੰਡ ਗੁੱਜਰਵਾਲ ਵਿਚ ਬਣੀ ਹੋਈ ਇਕਾਂਤ ਕੁਟੀਆ ਵਿਚ ਵਾਸ ਕਰ ਕੇ ਉਚੀ ਉਚੀ "ਰਾਮ ਜੀ ਰਾਮ ਜੀ" ਦੀ ਟੇਰ ਪੁਕਾਰ ਕਰਿਆ ਕਰੇ। ਦੁਨੀਆਂ ਉਸ ਦੇ ਹੋਰ ਭੀ ਪਿੱਛੇ ਲੱਗ ਗਈ। ਅਸੀਂ ਉਸ ਨੂੰ ਗੁਰਮਤਿ ਅਨੁਸਾਰ ਖੂਬ ਸੋਧਿਆ ਪ੍ਰਬੋਧਿਆ ਕਿ ਇਸ ਪਰਕਾਰ ਦੀ ਆਨਮਤਿ ਟੇਰ ਪੁਕਾਰ ਦੁਆਰਾ ਉਸ ਦੀ ਕਲਿਆਣ ਹਰਗਿਜ਼ ਨਹੀਂ ਹੋਵੇਗੀ ਜਦ ਤਾਈਂ ਉਹ ਗੁਰਮਤਿ ਅਨੁਸਾਰ ਅੰਮ੍ਰਿਤ ਛਕ ਕੇ



www.AKJ.Org

ਗੁਰ ਦੀਖਿਆ ਨਹੀਂ ਪਰਾਪਤ ਕਰ ਲੈਂਦਾ। ਉਸ ਦੀ ਆਪੋਂ ਮਨ ਮੰਨੀ ਉੱਚੀ ਉਚੀ ਟੇਰ ਪੁਕਾਰ ਕਰਨੀ ਬਿਰਥੀ ਹੈ। ਸੋ 'ਪਾਂਚ ਬਾਰ ਗੀਦੜ ਪੁਕਾਰੇ ਪਰੇ ਸੀਤ ਕਾਲ'' ਅੰਦਰ ਸ੍ਰੀ ਦਸਮੇਸ਼ ਜੀ ਦਾ ਇਹ ਭਾਵ ਹੈ ਕਿ ਇਸ ਹਿਸਾਬ ਨਾਲ ਉਚੀ ਉਚੀ ਟੇਰ ਪੁਕਾਰ ਕਰਨ ਵਾਲੇ ਗਿੱਦੜ ਆਦਿਕਾਂ ਦੀ ਭੀ ਕਲਿਆਣ ਹੋ ਜਾਣੀ ਚਾਹੀਦੀ ਹੈ ਜੋ ਹਰਗਿਜ਼ ਨਹੀਂ ਹੋ ਸਕਦੀ। ਇਕ ਹੋਰ ਸਵਯੇ ਅੰਦਰ ਭੀ ਗੁਰੂ ਦਸਮੇਸ਼ ਜੀ ਨੇ ਇਸੇ ਭਾਵ ਨੂੰ ਦ੍ਰਿੜਾਇਆ ਹੈ ਕਿ ਮੱਲ (ਪਹਿਲਵਾਨ) ਲੋਕਾਂ ਦਾ ਡੰਡ ਪੇਲਨਾ ਡੰਡਾਉਤ ਬੰਦਨਾ ਨਹੀਂ ਦਿਵਾ ਸਕਦੀ। ਜਦ ਤਕ ਕਿ ਸ੍ਰੀ ਦਸਮੇਸ਼ ਜੀ ਦੇ ਗੁਰਮਤਿ ਮੰਡਨੀ ਅਤੇ ਆਨਮਤੀ ਖੰਡਨੀ ਪਦਵੀ ਅਨੁਕੂਲ ਹਰ ਇਕ ਪ੍ਰਾਣੀ ਖਾਸ ਕਰ ਗੁਰਮਤਿ ਜਗਿਆਸੂ ਜਨ ਸ੍ਰੀ ਦਸਮੇਸ਼ ਦਰਸਾਏ ਗੁਰ ਗਿਆਨ ਕਲਾ ਵਾਲੇ ਪਦਵੇ ਨੂੰ ਪਰਾਪਤ ਨਹੀਂ ਹੋ ਜਾਂਦਾ। ਸ੍ਰੀ ਗੁਰੂ ਦਸਮੇਸ਼ ਜੀ ਦੇ ਇਨਾਂ ਸਵਯਾਂ ਅੰਦਰ ਵਿੱਦਤਾਏ ਗੂੜ੍ਹ ਭਾਵ ਅਨੁਸਾਰ ਕਦੇ ਵੀ ਇਸ ਗੱਲ ਦੀ ਸੂਚਨਾ ਨਹੀਂ ਹੋ ਸਕਦੀ ਕਿ ਮਨੁੱਖ ਦੀ ਜਾਤੀ ਬਣੀ ਬਣਾਤੀ ਹੀ ਗੁਰਮਤਿ ਗਿਆਨ ਕਲਾ ਵਾਲੇ ਪਦਵੇ ਨੂੰ ਪਰਾਪਤ ਹੋ ਸਕਦੀ ਹੈ। ਜੈਸੇ ਕਿ ਅੱਜ ਕੱਲ ਦੇ ਚੁੰਚ ਗਿਆਨੀ, ਰਾਗੀ, ਉਪਦੇਸ਼ਕ ਮਨ ਮੰਨੇ ਭਾਵ ਕੱਢਿਆ ਕਰਦੇ ਹਨ। ਜਿਥੇ ਤਿਨ੍ਹਾਂ ਮਨ ਮਤੀਆਂ ਦਾ ਇਹ ਆਨਮਤਿ ਗੁਸਿਆ ਹੋਇਆ ਭਾਵ ਹੁੰਦਾ ਹੈ ਉਥੇ ਸ੍ਰੀ ਦਸਮੇਸ਼ ਦ੍ਰਿੜ੍ਹਾਈ ਗੂੜ੍ਹ ਗੁਰਮਤਿ ਫਿਲਾਸਫੀ ਦਾ ਸਪਸ਼ਟ ਅਭਿੱਪਰਾ ਇਹ ਹੁੰਦਾ ਹੈ ਕਿ ਗੁਰਮਤਿ ਦ੍ਰਿੜਾਏ ਆਸ਼ੇ ਅਨੁਸਾਰ ਚੱਲਣ ਕਰ ਕੇ ਹੀ ਗੁਰਮਤਿ ਗਿਆਨ ਦੀ ਪਰਾਪਤੀ ਹੋ ਸਕਦੀ ਹੈ। ਇਸੇ ਵਿਸ਼ੇ (ਮਜ਼ਮੂਨ) ਪ੍ਰਥਾਇ ਅਸੀਂ ਹੋਰ ਬਹੁਤਾ ਲਿਖਣਾ ਨਹੀਂ ਚਾਹੁੰਦੇ। ਇਤਨਾ ਹੀ ਕਾਫ਼ੀ ਹੈ, ਗੁਰਮਤਿ ਖੋਜੀਆਂ ਨੂੰ ਇਸ਼ਾਰਾ ਹੀ ਬਥੇਰਾ ਹੈ।

## * ਜ਼ਰੂਰੀ ਸੂਚਨਾ *

ਪਿਛਲੇ ਮਹੀਨੇ ਪਾਠਕਾਂ ਨੂੰ ਮਾਸਕ ਪੱਤਰ ''ਸੂਰਾ'' ਦਾ ਦਫਤਰ ਸ੍ਰੀ ਅੰਮ੍ਰਿਤਸਰ ਜੀ ਤੋਂ ਪਟਿਆਲੇ ਸ਼ਹਿਰ ਵਿਚ ਤਬਦੀਲ ਕਰਨ ਦੀ ਸੂਚਨਾ ਦਿਤੀ ਗਈ ਸੀ ਪਰੰਤੂ ਇਸ ਮਹੀਨੇ ਕੁਝ ਜ਼ਰੂਰੀ ਕਾਨੂੰਨੀ ਅੜਿਚਣ ਕਾਰਨ; ਅਸੀਂ ਆਪਣਾ ਦਫਤਰ ਪਟਿਆਲੇ ਤਬਦੀਲ ਨਹੀਂ ਕਰ ਸਕੇ। ਸੋ ਦਫਤਰ ਦੀ ਤਬਦੀਲੀ ਦੀ ਸੂਚਨਾ ਫਿਰ ਸਮੇਂ ਸਿਰ ਪਾਠਕਾਂ ਨੂੰ ਦਿਤੀ ਜਾਏਗੀ। ਸੋ ਪਾਠਕਾਂ ਨੂੰ ਬਨੈ ਹੈ ਕਿ ਉਹ ਹਾਲਾਂ ਚਿਠੀ ਪੱਤਰ ਹੇਠ ਲਿਖੇ ਪਤੇ ਤੇ ਕਰ ਸਕਦੇ ਹਨ।

**ਮੈਨੇਜਰ ''ਸੂਰਾ''**
**ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।**



www.AKJ.Org

# ਗੁਰਮਤਿ ਵੀਚਾਰ ਲੜੀ

## ੧. ਸਹਿਜਧਾਰੀ ਕੌਣ ਹੈ ?

(ਭਾਈ ਸਾਹਿਬ ਜੋਗਿੰਦਰ ਸਿੰਘ ਜੀ ਤਲਵਾੜਾ)

[ਨੋਟ :–ਇਹ ਲੇਖ ਅੰਗਰੇਜ਼ੀ ਵਿਚੋਂ ਉਲਥਾਇਆ ਗਿਆ ਹੈ –ਐਡੀਟਰ]

ਕੁਝ ਪਰਦੇਸੀ ਵਸਨੀਕਾਂ, ਆਪਣੇ ਵਲੋਂ ਸਿਖ ਧਰਮ ਵਿਚ ਉਤਸ਼ਾਹ ਵਿਖਾਂਦਿਆਂ ਕੁਝ ਸਿਖ ਆਗੂਆਂ ਤੇ ਸਿਖ ਵਿਦਵਾਨਾਂ ਨੂੰ ਇਕ ਲੰਬੀ ਚੌੜੀ ਚਿਠੀ ਲਿਖੀ ਗਈ ਸੀ ਜਿਸ ਵਿਚ ਉਨ੍ਹਾਂ ਮੰਗ ਕੀਤੀ ਸੀ ਕਿ ਸਿਖ ਰਹਿਤ ਮਰਿਆਦਾ ਵਿਚ ਹੇਠਾਂ ਲਿਖੀਆਂ ਛੋਟਾਂ ਜਾਂ ਰਿਆਇਤਾਂ ਦੇਣ ਦੇ ਨਾਲ ਨਾਲ ਸਾਨੂੰ ਧਾਰਮਿਕ ਤੇ ਸਮਾਜਿਕ ਤੌਰ ਤੇ ਸਿਖ ਸਮਝਿਆ ਤੇ ਮੰਨਿਆ ਜਾਵੇ, ਕਿਉਂਕਿ ਸਾਡਾ ਵਿਸ਼ਵਾਸ਼ ਹੈ ਕਿ ਸਿਖੀ ਇਕ ਯੂਨੀਵਰਸਲ ਧਰਮ ਹੈ।

੧. ਸਾਨੂੰ ਸਹਿਜਧਾਰੀ ਮਰਿਆਦਾ ਅਨੁਸਾਰ ਚਲਣ ਦੀ ਆਗਿਆ ਦਿਤੀ ਜਾਵੇ ਭਾਵ ਕਿ ਸਾਨੂੰ ਕੇਸ ਨਾ ਰਖਣ ਦੀ ਛੋਟ ਦੇਣ ਦੇ ਨਾਲ ਹੀ, ਕੜੇ ਤੋਂ ਬਿਨਾਂ ਬਾਕੀ ਸਿਖ ਕਰਾਰਾਂ ਤੋਂ ਮੁਕਤ ਕੀਤਾ ਜਾਵੇ।

੨. ਗੁਰਦੁਆਰੇ ਅੰਦਰ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸਾਨੂੰ ਕੁਰਸੀਆਂ ਤੇ ਬੈਠਣ ਦੀ ਖੁਲ੍ਹ ਦਿਤੀ ਜਾਵੇ।

੩ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਆਉਣ ਸਮੇਂ, ਮਹਾਰਾਜ ਦੇ ਸਤਿਕਾਰ ਵਜੋਂ ਸਾਨੂੰ ਆਪਣੇ ਹੈਟ ਉਤਾਰਨ ਦੀ ਇਜਾਜ਼ਤ ਮਿਲ ਜਾਏ।

੪. ਕੜਾਹ ਪ੍ਰਸ਼ਾਦ ਅਸੀਂ ਚਮਚਿਆਂ ਨਾਲ ਛਕਣਾ ਚਾਹੁੰਦੇ ਹਾਂ। ਇਸ ਦੀ ਭੀ ਮਨਜ਼ੂਰੀ ਸਾਨੂੰ ਦਿਤੀ ਜਾਵ।

੫. ਸਾਡੇ ਲਈ ਕੀਰਤਨ ਕਰਨ ਦੇ ਸਮੇਂ ਦੀ ਹੱਦ ਇਕ ਘੰਟਾ ਹੀ ਨੀਯਤ ਕੀਤਾ ਜਾਵੇ।

ਇਹ ਤਾਂ ਸੱਚਮੁੱਚ ਮਾਨ ਕਰਨ ਯੋਗ ਗਲ ਹੈ ਕਿ ਸਿੱਖੀ ਸਭ ਤੋਂ ਨਵੀਨ, ਸਾਇੰਟੇਫਿਕ ਅਤੇ ਸੰਪੂਰਨ ਧਰਮ ਹੈ। ਇਸ ਦਾ ਜਨਮ ਸੰਪੂਰਨ ਗੁਰੂ ਦੇ ਸੰਪੂਰਨ ਧਿਆਨ ਵਿਚੋਂ, ਹੋਇਆ ਸੀ। ਗੁਰੂ ਨਾਨਕ ਦੇਵ ਜੀ ਨੇ ਆਪਣੇ ਪਹਿਲੇ ਮਨੁਖੀ ਜਾਮੇ ਵਿਚ ਸਿਖੀ ਦੀ ਨੀਂਵ ਧਰੀ ਅਤੇ ਆਪਣੇ ਦਸਵੇਂ ਜਾਮੇ ਵਿਚ ਇਸ ਨੂੰ ਸੰਪੂਰਨ ਕੀਤਾ। ਇਸ ਦੀ ਸੰਪੂਰਨਤਾ ਪਿਛੋਂ ਆਪ ਜੀ ਖੁਦ ਵੀ ਸਿਖਾਂ ਵਿਚ ਪਰਵੇਸ਼ ਕਰ ਗਏ। ਆਪ ਜੀ ਨੇ ਫੁਰਮਾਇਆ :–

"ਖਾਲਸਾ ਮੇਰੋ ਰੂਪ ਹੈ ਖਾਸ॥<br>
ਖਾਲਸੇ ਮਹਿ ਹਉ ਕਰਉ ਨਿਵਾਸ॥"

'ਸਰਬਲੋਹ'

ਸਿਖ ਧਰਮ, ਆਪਣੇ ਵਰਤਮਾਨ ਸਹੀ ਰੂਪ ਵਿਚ, ਅਕਾਲ ਜੀ ਦੀ ਆਗਿਆ ਨਾਲ ਹੋਂਦ ਵਿਚ ਆਇਆ। ਸਤਿਗੁਰੂ ਬਚਿੱਤਰ ਨਾਟਕ ਵਿਚ ਉਚਾਰਨ ਕਰਦੇ ਹਨ ਕਿ ਮੈਂ ਅਕਾਲ ਪੁਰਖ ਦੀ ਭਗਤੀ ਵਿਚ ਲੀਨ ਹੋ ਉਸ ਨਾਲ ਇਕ ਮਿਕ ਹੋਇਆ ਸਾਂ ਕਿ ਆਪ ਜੀ ਨੇ ਮੈਨੂੰ ਬੁਲਾਇਆ ਅਤੇ ਇਕ ਮਹਾਨ ਕਾਰਜ ਦੀ ਸੌਂਪਣਾ ਕੀਤੀ। ਇਹ ਮਹਾਨ ਕਾਰਜ ਕੀ ਸੀ? ਉਹ ਸੀ ਖਾਲਸਾ ਦੀ ਸਾਜਣਾ–ਜਿਸਦਾ ਵਿਸ਼ੇਸ਼ ਨਿਸ਼ਾਨਾ ਹੋਸੀ ਧਰਮ ਦਾ



www.AKJ.Org

ਪਰਚਾਰ ਅਤੇ ਅਧਰਮ ਦਾ ਸੰਘਾਰ।

ਸਾਡੀ ਆਪਸੀ ਮੇਲ ਸਮੇਂ ਗਜਾਈ ਫਤਹ, ਇਹ ਗਲ ਸਾਫ ਪ੍ਰਗਟ ਕਰਦੀ ਹੈ ਕਿ ਖਾਲਸਾ ਅਕਾਲ ਪੁਰਖ ਦਾ ਹੈ। ਸਤਿਗੁਰੂ ਜੀ ਆਪਣੇ ਮੁਖ-ਵਾਕ ਤੋਂ ਖਾਲਸੇ ਨੂੰ ਅਕਾਲ ਪੁਰਖ ਦੀ ਫ਼ੌਜ ਦਸਦੇ ਹਨ :–

"ਖਾਲਸਾ ਅਕਾਲ ਪੁਰਖ ਕੀ ਫੌਜ॥
ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥"
'ਸਰਬਲੋਹ'

ਉਪਰੋਕਤ ਵਿਚਾਰ ਦਾ ਸਾਰ ਇਹ ਹੈ ਕਿ ਖਾਲਸਾ ਪੂਰਨ ਗੁਰੂ ਦੀ ਪੂਰਨ ਜੋਤ ਰਾਹੀਂ ਪ੍ਰਗਟ ਹੋਇਆ ਹੈ। ਇਹ ਹਰ ਪਖੋਂ ਪੂਰਨ ਹੈ ਅਤੇ ਇਸ ਦੀ ਰਹਿਣੀ ਵਿਚ ਕਿਸੇ ਵੀ ਪ੍ਰਕਾਰ ਦੀ ਤਰਮੀਮ ਜਾਂ ਤਬਦੀਲੀ ਦੀ ਰਤੀ ਭਰ ਵੀ ਗੁੰਜਾਇਸ਼ ਨਹੀਂ। ਖਾਸ ਕਰਕੇ ਐਸੀ ਤਰਮੀਮ, ਜਿਸ ਨਾਲ ਧਰਮ ਦਾ ਢਾਂਚਾ ਹੀ ਉਲਟਦਾ ਹੋਵੇ ਅਤੇ ਢਹਿੰਦੀ ਕਲਾ ਪ੍ਰਵੇਸ਼ ਕਰਦੀ ਹੋਵੇ, ਤਾਂ ਬਹੁਤ ਹੀ ਨਿੰਦਨੀਜ ਹੈ।

ਸਿਖ ਰਿਵਾਇਤਾਂ ਅਨੁਸਾਰ ਗੁਰੂ ਦੀ ਸ਼ਖਸ਼ੀਅਤ ਦੇ ਦੋ ਵਿਸ਼ੇ ਅੰਗ, ਜੋਤ ਤੇ ਜੁਗਤੀ, ਗੁਰੂ ਗ੍ਰੰਥ ਅਤੇ ਗੁਰੂ ਪੰਥ ਵਿਚ ਪਰਵੇਸ਼ ਕਰ ਗਏ ਹਨ। ਸੋ ਗੁਰੂ ਤਾਂ ਇਕ ਜਯੰਤੀ ਹੈ, ਜਿਸਤਰ੍ਹਾਂ ਜੋਤੀ ਦੇ ਪਰਸਾਰ ਲਈ ਗੁਰੂ ਜੀ ਦਾ ਦੇਹਧਾਰੀ ਰੂਪ, ਜੁਗਤੀ ਦੇ ਸਾਧਨ ਦਾ ਕੰਮ ਦੇਂਦਾ ਸੀ, ਠੀਕ ਉਸੇ ਤਰ੍ਹਾਂ ਹੀ ਗੁਰੂ ਗ੍ਰੰਥ ਦੀ ਜੋਤ ਦੇ ਪਰਸਾਰ ਲਈ ਪੰਥ ਜੁਗਤੀ ਦੇ ਸਾਧਨ ਦੇ ਕੰਮ ਦੇਂਦਾ ਹੈ। ਪੰਥ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਗੁਰੂ ਹੈ ਅਤੇ ਇਸ ਦੇ ਕੰਮਾਂ ਕਾਜਾਂ ਦਾ ਦਾਇਰਾ ਗੁਰੂ ਗ੍ਰੰਥ ਸਾਹਿਬ ਅੰਦਰ ਆਏ ਅਤੇ ਸੀਨਾ-ਬ-ਸੀਨਾ ਪੁੱਜੇ ਗੁਰੂ ਜੀ ਦੇ ਹੁਕਮਾਂ ਵਿਚ ਹੀ ਸੀਮਤ ਹੈ।

## 'ਸਹਿਜਧਾਰੀ' ਪਦ ਦਾ ਭਾਵ

ਦਾਸ ਇਥੇ ਸਹਿਜਧਾਰੀ ਪਦ ਬਾਰੇ ਵਿਚਾਰ ਕਰਨੀ ਯੋਗ ਸਮਝਦਾ ਹੈ। ਦਾਸ ਦੇ ਨਿਸਚੇ ਅਨੁਸਾਰ ਸਹਿਜਧਾਰੀ ਕੋਈ ਸਿਖ ਧਰਮ ਦਾ ਵਖਰਾ ਫਿਰਕਾ ਨਹੀਂ, ਜਿਹਾ ਕਿ ਆਮ ਲੋਗਾਂ ਦਾ ਖਿਆਲ ਹੈ। ਇਹ ਤਾਂ ਇਕ ਅਵਸਥਾ ਹੈ, ਜੋ ਵਧ ਘਟ ਹਰ ਸਿਖ ਦੇ ਜੀਵਨ ਵਿਚ ਆਉਂਦੀ ਹੈ। ਜਦ ਤਕ, ਸਿਖ ਅੰਮ੍ਰਿਤ ਨਹੀਂ ਛਕਦਾ, ਉਹ ਸਹਿਜਧਾਰੀ ਸਿਖ ਹੈ ਅਤੇ ਅੰਮ੍ਰਿਤ ਸੰਸਕਾਰ ਤੋਂ ਬਾਦ ਉਹ 'ਸਿਖ' ਜਾਂ 'ਸਿੰਘ' ਕਹਾਉਂਦਾ ਹੈ। ਇਸ ਸੰਬੰਧ ਵਿਚ ਦਾਸ ਭਾਈ ਕਾਹਨ ਸਿੰਘ ਨਾਭਾ ਰਚਿਤ 'ਗੁਰ ਸ਼ਬਦ ਰਤਨਾਕਰ' (ਮਹਾਨ ਕੋਸ਼) ਦੀ ਤੀਜੀ ਜਿਲਦ ਦੇ ਪੰਨਾ ੨੦੧੪ ਦਾ ਹਵਾਲਾ ਦੇਣਾ ਚਾਹੁੰਦਾ ਹੈ, ਜਿਥੇ ਕਿ ਨਾਨਕ ਪੰਥੀਆਂ (ਗੁਰੂ ਨਾਨਕ ਸਾਹਿਬ ਦੇ ਅਨੁਆਈਆਂ) ਦੀ ਸੂਚੀ ਦਿਤੀ ਹੈ, ਨਾਲ ਹੀ ਸਭ ਦੀ ਤਸਵੀਰ, ਉਨ੍ਹਾਂ ਦਾ ਰੂਪ ਦਰਸਾਣ ਲਈ ਦਿਤੀ ਹੋਈ ਹੈ। 'ਮਹਾਨ ਕੋਸ਼' ਅਨੁਸਾਰ ਸਹਿਜ-ਧਾਰੀ ਉਹ ਸਿਖ ਹੈ ਜਿਸ ਨੇ ਕੇਸ, ਦਾੜ੍ਹਾ ਰਖਿਆ ਹੋਵੇ। ਇਹ ਗਲ ਨਿਰਸੰਦੇਹ ਮੰਨੀ ਗਈ ਹੈ ਕਿ ਗੁਰੂ ਸਿਖਾਂ ਵਿਚ ਖਾਲਸਾ ਸਾਜਣ ਤੋਂ ਪਹਿਲੇ ਵੀ, ਕਦੇ ਵੀ ਕੇਸ ਕਟਾਉਣ ਦਾ ਰਿਵਾਜ ਨਹੀਂ ਸੀ ਪਿਆ। ਉਪਰੋਕਤ ਵਿਚਾਰ ਅਨੁਸਾਰ, ਉਹ ਪੁਰਸ਼, ਜੋ ਕੇਸ ਕਟਾਉਂਦਾ ਹੈ ਜਾਂ ਕੇਸਾਂ ਦੀ ਬੇਅਦਬੀ ਕਰਦਾ ਹੈ, ਕਦੇ ਵੀ ਸਹਿਜਧਾਰੀ ਸਿਖ ਨਹੀਂ ਸਦਵਾ ਸਕਦਾ। ਸਿਖ ਰਹਿਤਨਾਮਿਆਂ ਵਿਚ ਕੇਸ ਕਤਲ ਕਰਵਾਉਣ ਵਾਲੇ ਪੁਰਸ਼ਾਂ ਨੂੰ ਅਜਿਹੇ ਨਾਵਾਂ ਨਾਲ ਪ੍ਰਗਟਾਇਆ ਹੈ, ਜੋ ਕਿ ਸ਼ੋਭਨੀਕ ਨਹੀਂ ਹਨ। ਅਜਿਹੇ ਮਨੁਖਾਂ ਨੂੰ 'ਮੋਨੇ' ਤੇ 'ਸਿਰਗੁੰਮ' ਦੇ ਨਾਵਾਂ ਨਾਲ ਪੁਕਾਰਿਆ ਗਿਆ ਹੈ।

ਇਸ ਵਿਚਾਰ ਨੂੰ ਮੁਖ ਰਖ ਕੇ ਇਹ ਗਲ ਕਿਵੇਂ ਮੰਨੀ ਜਾ ਸਕਦੀ ਹੈ ਕਿ ਸਿਖੀ ਧਾਰਨ ਕਰਨ ਪਿਛੋਂ ਕਿਸੇ ਨੂੰ ਕੇਸ ਕਤਲ ਕਰਵਾਉਣ ਦੀ ਖੁਲ੍ਹ ਹੋਵੇ? ਹੈਰਾਨੀ ਤੇ ਦੁਖ ਵਾਲੀ ਗਲ ਇਹ ਹੈ ਕਿ ਕਈ ਸਿਖ ਸਿਆਸਤਦਾਨਾਂ ਨੇ ਪਹਿਲੋਂ ਹੀ ਕੇਸਾਂ ਦੀ ਮਹੱਤਤਾ ਤੇ ਪਵਿਤ੍ਰਤਾ ਨੂੰ ਵੋਟਾਂ ਪ੍ਰਾਪਤ ਕਰਨ ਦੀ ਖਾਤਰ, ਉਡਾ ਹੀ ਦਿੱਤਾ ਹੈ ਅਤੇ ਹੁਣ ਕੌਮ ਦਾ ਇਕ ਅੰਗ ਉਸ ਦੀ ਛੋਟ ਦੀ ਮੰਗ ਕਰ ਰਿਹਾ ਹੈ, ਜਿਸ ਦੀ ਕਿ ਸਾਡੇ ਰਾਜਸੀ ਨੇਤਾਵਾਂ ਨੇ ਅਮਲੀ ਰੂਪ ਵਿਚ ਪਹਿਲੋਂ ਹੀ ਪ੍ਰਵਾਨਗੀ ਦੇ ਦਿਤੀ ਹੈ।

ਇਹ ਦਾਅਵਾ ਕੀਤਾ ਜਾਂਦਾ ਹੈ ਕਿ ਕੇਸ



www.AKJ.Org

ਰਹਿਤ ਪੁਰਸ਼ਾਂ ਨੂੰ ਸਹਿਜਧਾਰੀ ਮੰਨਿਆ ਜਾਂਦਾ ਸੀ ਅਤੇ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਸਿਖਾਂ ਵਾਲੀ ਮਾਨ ਪ੍ਰਤਿਸ਼ਟਾ ਪ੍ਰਾਪਤ ਕਰਦੇ ਸਨ। ਇਸ ਸੰਬੰਧ ਵਿਚ ਭਾਈ ਨੰਦ ਲਾਲ ਅਤੇ ਪੀਰ ਬੁਧੂ ਸ਼ਾਹ ਦੀਆਂ ਮਿਸਾਲਾਂ ਦਿਤੀਆਂ ਜਾਂਦੀਆਂ ਹਨ।

ਦਾਸ ਪ੍ਰਿਥਮੇ ਭਾਈ ਨੰਦ ਲਾਲ ਜੀ ਬਾਰੇ ਵਿਚਾਰ ਪ੍ਰਗਟ ਕਰਦਾ ਹੈ। ਆਪ ਜੀ ਦੇ ਰਹਿਤਨਾਮੇ ਵਿਚ ਲਿਖਿਆ ਹੈ, "ਬਚਨ ਹੈ ਸ੍ਰੀ ਗੁਰੂ ਜੀ ਕਾ ਕਿ ਜੋ ਕੋਈ ਸਿਖ ਦਾ ਬੇਟਾ ਹੋਇ ਅਰ ਮੋਨਾ ਹੋਇ ਜਾਵੇ, ਤਿਸ ਕੀ ਜੜ੍ਹ ਸੁੱਕੀ, ਔਰ ਜੋ ਮੋਨਾ ਸਿਖ ਹੋ ਜਾਵੇ, ਤਾਂ ਤਿਸ ਕੀ ਜੜ੍ਹ ਹਰੀ।"

ਇਹ ਗਲ ਪ੍ਰਗਟ ਹੈ ਕਿ ਉਪਰੋਕਤ ਸਤਰਾਂ ਦਾ, ਲੇਖਕ, ਸਿਖੀ ਧਾਰਨ ਕਰਕੇ 'ਹਰੀ ਜੜ੍ਹ' ਵਾਲਾ ਪਹਿਲਾਂ ਆਪ ਬਣਿਆ ਅਤੇ ਫਿਰ ਦੂਜਿਆਂ ਨੂੰ ਵੀ ਅਜੇਹਾ ਕਰਨ ਦੀ ਸਿਖਸ਼ਾ ਦਿੱਤੀ। ਉਪ੍ਰੋਕਤ ਠੋਸ ਤੇ ਵਜ਼ਨਦਾਰ ਇਤਿਹਾਸਕ ਸਬੂਤ ਤੋਂ ਬਿਨਾਂ ਹੇਠ ਲਿਖੀਆਂ ਘਟਨਾਵਾਂ ਵੀ ਇਹ ਸਾਬਤ ਕਰਦੀਆਂ ਹਨ ਕਿ ਭਾਈ ਸਾਹਿਬ ਕੇਸਾਧਾਰੀ ਸਿਖ ਸਨ।

੧. ਆਪ ਨੇ ਸਿਖਾਂ ਲਈ ਰਹਿਤਨਾਮਾ ਲਿਖਿਆ, ਜਿਸ ਵਿਚ ਕੇਸਾਂ ਦੀ ਸੰਭਾਲ ਤੇ ਕਾਇਮੀ ਪੁਰ ਜ਼ੋਰ ਦਿਤਾ ਗਿਆ ਹੈ ਜਿਵੇਂ :–

'ਕੰਘਾ ਦੋਨੋ ਵਕਤ ਕਰ, ਪਾਗ ਚੁਨੇ ਕਰ ਬਾਂਧਈ।
ਦਾਤਨ ਨੀਤ ਕਰੇ, ਨਾ ਦੁਖ ਪਾਵੈ ਲਾਲ ਜੀ।

ਸਿਖ ਇਤਨੇ ਸ੍ਰੈ ਭਰੋਸੇ ਵਾਲੇ ਤੇ ਕਰੜੇ ਹੋ ਚੁਕੇ ਸਨ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦੀ ਭੀ ਰਿਐਤ ਨਹੀਂ ਸਨ ਕਰਦੇ। ਗੁਰੂ ਜੀ ਨੇ ਜਦ ਇਕੇਰਾਂ ਆਪਣਾ ਤੀਰ ਦਾਦੂ ਦੀ ਕਬਰ ਅਗੇ ਨਿਵਾਇਆ, ਭਾਵੇਂ ਉਨ੍ਹਾਂ ਨੇ ਸਿਖਾਂ ਦੀ ਪਕਿਆਈ ਦੀ ਪਰਖ ਖਾਤਰ ਹੀ ਐਸਾ ਕੀਤਾ ਸੀ, ਪਰ ਸਿਖਾਂ ਨੇ ਆਪ ਜੀ ਨੂੰ ਭੀ ਤਨਖਾਹ ਲਾਈ। ਐਸੇ ਸਿਖ ਕਿਵੇਂ ਬਰਦਾਸ਼ਤ ਕਰ ਸਕਦੇ ਸਨ ਕਿ ਕੋਈ ਮੋਨਾ–ਕੇਸ ਰਹਿਤ ਮਨੁਖ ਉਨ੍ਹਾਂ ਦੀ ਰਾਹਨੁਮਾਈ ਲਈ ਰਹਿਤਨਾਮਾ ਲਿਖੇ।

ਸਿਖ ਧਰਮ ਨਿਰਾ ਕੁਝ ਵਿਚਾਰਾਂ ਜਾਂ ਸਿਧਾਤਾਂ ਦੇ ਇਕਠ ਦਾ ਨਾਂ ਨਹੀਂ, ਸਗੋਂ ਇਹ ਧਰਮ ਤਾਂ ਇਕ ਜੀਵਨ ਮਾਰਗ ਹੈ, ਜਿਸ ਉਤੇ ਕਿ ਸਿਖਾਂ ਨੇ ਚਲਣਾ ਹੈ। ਇਥੇ ਤਾਂ ਅਮਲਾਂ ਜਾਂ ਕਰਨੀ ਦੀ ਪ੍ਰਧਾਨਤਾ ਹੈ ਨਾ ਕਿ ਫੋਕੀ ਕਰਨੀ ਦੀ। ਗੁਰੂ ਜੀ ਫੁਰਮਾਂਦੇ ਹਨ :–

"ਅਵਰ ਉਪਦੇਸੈ ਆਪਿ ਨ ਕਰੈ ॥
ਆਵਤ ਜਾਵਤ ਜਨਮੈ ਮਰੈ ॥
(ਸੁਖਮਨੀ ਸਾਹਿਬ)

੨. ਭਾਈ ਨੰਦ ਲਾਲ ਜੀ ਨੂੰ ਗੁਰੂ ਜੀ ਦੇ ਸਰੀਰ ਦਾ ਸਭ ਤੋਂ ਵੱਧ ਪ੍ਰਭਾਵਤ ਕਰਨ ਵਾਲੇ ਭਾਗ ਆਪ ਜੀ ਦੇ ਕੇਸ ਸਨ। ਆਪਣੀ ਇਕ ਗ਼ਜ਼ਲ ਵਿਚ ਭਾਈ ਸਾਹਿਬ ਜੀ ਦਸਮੇਸ਼ ਜੀ ਦੇ ਕੇਸਾਂ ਬਾਰੇ ਇਉਂ ਵਰਨਣ ਕਰਦੇ ਹਨ :–

"ਹਰ ਦੋ ਆਲਮ ਕੀਮਤੇ ਯਕ ਤਾਰੇ ਮੂਏ ਯਾਰੇ ਮਾ"
'ਦੀਵਾਨੇ ਗੋਯਾ'

ਭਾਵ ਦਿਸਦੇ ਤੇ ਅਣਦਿਸਦੇ ਦੋਹਾਂ ਜਹਾਨਾਂ ਦੀ ਕੀਮਤ ਮੇਰੇ ਪ੍ਰੀਤਮ (ਗੁਰੂ) ਦੇ ਇਕ ਕੇਸ ਦੇ ਤੁਲ ਹੈ।

ਇਸੇ ਤਰ੍ਹਾਂ ਜਦੋਂ ਪੀਰ ਬੁਧੂ ਸ਼ਾਹ ਨੂੰ, ਆਪਣੇ ਚਾਰ ਬੇਟੇ ਤੇ ਆਪਣੇ ਅਨੇਕ ਮੁਰੀਦਾਂ ਨੂੰ ਗੁਰੂ ਜੀ ਲਈ ਕੁਰਬਾਨ ਕਰ ਦੇਣ ਦੇ ਬਦਲੇ, ਕੋਈ ਮੰਗ ਮੰਗਣ ਲਈ ਕਿਹਾ ਗਿਆ ਤਾਂ ਪੀਰ ਜੀ ਨੇ, ਆਪਣੀ ਇਸ ਮਹਾਨ ਕੁਰਬਾਨੀ ਦੇ ਬਦਲੇ ਗੁਰੂ ਜੀ ਪਾਸੋਂ ਉਨ੍ਹਾਂ ਦੇ ਪਵਿਤ੍ਰ ਕੇਸਾਂ ਵਿਚ ਕੀਤੇ ਕੰਘੇ ਵਿਚ ਅੜੇ ਕੇਸ, ਸਮੇਤ ਉਸ ਕੰਘੇ ਦੇ, ਮੰਗ ਲਏ ਸਨ। ਇਹ ਪੀਰ ਜੀ ਦੀ ਕੇਸਾਂ ਤੇ ਹੋਰ ਸਿਖ ਕਕਾਰਾਂ ਜਾਂ ਨਿਸ਼ਾਨੀਆਂ ਪ੍ਰਤੀ ਅਗਾਧ ਪ੍ਰੇਮ ਦੀ ਅਦੁਤੀ ਮਿਸਾਲ ਹੈ।

ਕਿੰਨੀ ਅਸਚਰਜ ਹੈ ਇਹ ਗਲ ਕਿ ਕਈ ਮਨੁਖਾਂ ਦਾ ਵਿਚਾਰ ਹੈ ਕਿ ਇਹ ਕੇਸਾਂ ਨਾਲ ਅਨੰਤ ਸਨੇਹ ਰਖਣ ਵਾਲੀਆਂ ਅਤੇ ਗੁਰੂ ਜੀ ਤੇ ਸਿਖਾਂ ਵਿਚ ਸਤਿਕਾਰੀਆਂ ਜਾਣ ਵਾਲੀਆਂ ਪ੍ਰਸਿੱਧ ਵਿਯਕਤੀਆਂ ਆਪ੍ਰ ਕੇਸ ਨਹੀਂ ਸਨ ਰਖਦੀਆਂ। ਅਜੇਹੀ ਧਾਰਨਾ ਅਪਨਾਉਣੀ ਇਨ੍ਹਾਂ ਵਯਕਤੀਆਂ ਤੇ ਸਮੁੱਚੀ ਸਿਖ ਕੌਮ ਨਾਲ ਨਿਰੋਲ ਨਾਇਨਸਾਫੀ ਕਰਨ ਦੇ ਤੁਲ ਹੈ।

(ਚਲਦਾ)



www.AKJ.Org

# ਸਾਡੇ ਗੁਰਦੁਆਰੇ ਤੇ ਸਾਡੇ ਪਹਿਰਾਵੇ

(ਭਾਈ ਸਾਹਿਬ ਮਨਮੋਹਨ ਸਿੰਘ ਜੀ M. Sc. (Agr) ਜੈ ਪੁਰ)

ਦਸ਼ਮੇਸ਼ ਪਿਤਾ ਸਾਹਿਬ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਦਾ ਪਵਿਤ੍ਰ ਹੁਕਮ ਹੈ :-

ਆਗਿਆ ਭਈ ਅਕਾਲ ਕੀ, ਤਬੀ ਚਲਾਇਉ ਪੰਥ ॥
ਸਭ ਸਿਖੱਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥
ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹ ॥
ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸ਼ਬਦ ਮਹਿ ਲੇਹ ॥

ਇਹ ਮਹਾਵਾਕ ਰੋਜ਼ ਸਭ ਗੁਰਧਾਮਾਂ ਵਿਚ ਭੋਗਦੇ ਅਰਦਾਸੇ ਉਪਰੰਤ ਗਾ ਕੇ ਪੜ੍ਹੇ ਜਾਂਦੇ ਹਨ ਕਿਉਕਿ ਸ੍ਰੀ ਗੁਰੂ ਗਰੰਥ ਸਾਹਿਬ ਦੇ ਪਵਿਤਰ ਪਰਵੇਸ਼ ਨਾਲ ਹੀ ਇਹ ਅਸਥਾਨ "ਗੁਰਦੁਆਰੇ" ਅਖਵਾਂਦੇ ਹਨ।

ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਗੁਰਗੱਦੀ ਤੇ ਬਿਰਾਜਮਾਨ ਹੋਣ ਤੋਂ ਪਹਿਲੇ ਸਿਖ ਧਰਮ ਅਸਥਾਨ ਧਰਮਸਾਲ ਅਖਵਾਇਆ ਕਰਦੇ ਸਨ। ਸ੍ਰੀ ਗੁਰੂ ਨਾਨਕ ਸਾਹਿਬ ਜੀ ਤੇ ਹੋਰ ਗੁਰ ਵਯਕਤੀਆਂ ਜਿਥੇ ਵੀ ਪਧਾਰੇ, ਉਥੇ ਹੀ ਉਨ੍ਹਾਂ ਪਕੇ ਪ੍ਰਚਾਰ ਹਿਤ ਧਰਮ-ਸਾਲਾਂ ਕਾਇਮ ਕਰਵਾਈਆਂ। ਇਨ੍ਹਾਂ ਧਰਮ ਅਸਥਾਨਾਂ ਵਿਚ ਹਰ ਗੁਰਸਿਖ ਲਈ ਹਾਜ਼ਰੀ ਭਰਨੀ ਜ਼ਰੂਰੀ ਸਮਝੀ ਜਾਂਦੀ ਸੀ। ਭਾਈ ਸਾਹਿਬ ਭਾਈ ਗੁਰਦਾਸ ਜੀ ਗੁਰਸਿਖਾਂ ਦੇ ਨਿਤਾਪ੍ਰਤਿ ਦਾ ਪਰੋਗਰਾਮ ਦਰਸਾਉਂਦਿਆਂ ਹੋਇਆਂ ਫੁਰ-ਮਾਉਂਦੇ ਹਨ :-

ਗੁਰਸਿਖ ਭਲਕੇ ਉਠ ਕਰ, ਅੰਮ੍ਰਿਤ ਵੇਲੇ ਸਰੁ ਨਾਵੰਦਾ ॥ ਗੁਰਕੈ ਬਚਨ ਉਚਾਰਿ ਕੈ, ਧਰਮਸਾਲ ਦੀ ਸੁਰਤ ਕਰੰਦਾ ॥ ਸਾਧ ਸੰਗਤਿ ਵਿਚ ਜਾਇਕੈ, ਗੁਰਬਾਣੀ, ਦੇ ਪ੍ਰੀਤ, ਸੁਣੰਦਾ ॥

ਧਰਮਸਾਲਾ ਦਾ ਭਾਵ ਹੈ ਜਿਥੋਂ ਧਰਮ ਦੀ ਸਿਖਿਆ ਮਿਲੇ ਜਿਵੇਂ ਪਾਠਸ਼ਾਲਾ ਜਿਥੋਂ ਵਿਦਿਆ ਪ੍ਰਾਪਤ ਹੋਵੇ। ਅੰਮ੍ਰਿਤ ਵੇਲੇ ਉਠ ਕੇ ਅਸ਼ਨਾਨ ਕਰਨਾ, ਨਿਤ ਨੇਮ ਨਾਮ ਅਭਿਆਸ ਆਦਿ ਰੂਪ "ਗੁਰ ਕੈ ਬਚਨ ਉਚਾਰ ਕੈ" ਫਿਰ ਧਰਮਸਾਲ ਵਿਚ ਹਾਜ਼ਰੀ ਭਰਨੀ। ਉਥੇ ਸਾਧ ਸੰਗਤਿ ਵਿਚ ਬੈਠਕੇ ਪ੍ਰੀਤ ਨਾਲ (ਦੇ ਪ੍ਰੀਤ) ਕੀਰਤਨ ਕਥਾ ਆਦਿ ਸੁਨਣੀ। ਇਹ ਹੈ ਰੋਜ਼ ਦਾ ਪਰੋਗਰਾਮ ਜੋ ਭਾਈ ਸਾਹਿਬ ਗੁਰਸਿਖਾਂ ਲਈ ਦ੍ਰਿੜਾਂਦੇ ਹਨ।

ਸਤਿਗੁਰੂ ਵਯਕਤੀਆਂ ਦੇ ਪੰਚਭੂਤਕ ਸਰੀਰ ਵਿਚ ਪ੍ਰਕਾਸ਼ਮਾਨ ਹੋਣ ਸਮੇਂ ਗੁਰੂ ਸਾਹਿਬ ਖੁਦ ਤਾਂ ਇਕ ਸਮੇਂ ਇਕੋ ਅਸਥਾਨ ਤੇ ਹੀ ਸੁਭਾਇ-ਮਾਨ ਹੋ ਸਕਦੇ ਸਨ। ਉਦੋਂ ਉਹੋ ਪਵਿਤ੍ਰ ਅਸਥਾਨ ਗੁਰੂ ਦੁਆਰਾ ਹੁੰਦਾ ਸੀ। ਬਾਕੀ ਅਸਥਾਨਾਂ ਤੇ ਅਸਥਾਪਤ ਗੁਰਸਿਖੀ ਦੇ ਕੇਂਦਰ ਜਿਥੋਂ ਜਗਿ-ਆਸੂਆਂ ਨੂੰ ਆਤਮਕ ਖੁਰਾਕ ਮਿਲਦੀ ਸੀ, ਉਹ ਧਰਮਸਾਲਾ ਦੇ ਨਾਮ ਨਾਲ ਸ਼ਸ਼ੋਭਤ ਸਨ। ਜਦੋਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਜੁਗੋ ਜੁਗ ਅਟਲ ਅਤੇ ਅਮਰ ਸਤਿਗੁਰੂ ਅਸਥਾਪਨ ਕਰ ਦਿਤਾ ਗਿਆ ਤੇ ਪਾਵਨ ਬੀੜਾਂ ਲਿਖਤ ਅਤੇ ਫੇਰ ਛਾਪੇ ਹੋਏ ਰੂਪ ਵਿਚ ਪ੍ਰਚਲਤ ਹੋ ਗਈਆਂ ਤਾਂ ਹਰ ਧਰਮਸਾਲ ਵਿਚ ਇਸ ਪਾਵਨ ਬੀੜ ਦਾ ਪ੍ਰਕਾਸ਼ ਹੋ ਗਿਆ। ਏਸਤਹੁੰ ਧਰਮਸਾਲਾਂ ਦਾ ਰੂਪ ਬਦਲ ਕੇ ਗੁਰਦੁਆਰੇ ਬਣ ਗਏ ਕਿਉਂਕਿ ਹੁਣ ਉਥੇ ਗੁਰੂ ਸਾਹਿਬ ਖੁਦ ਸਾਖਸ਼ਾਤ ਪ੍ਰਕਾਸ਼ਮਾਨ ਹਨ।

ਗੁਰੁਦੁਆਰਿਆਂ ਵਿਚ ਹਾਜ਼ਰੀ ਭਰਨੀ ਜ਼ਰੂਰੀ ਹੈ ਇਸ ਨੂੰ ਆਦਿ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਕਿੰਨਾ ਸਪਸ਼ਟ ਦਰਸਾਉਂਦੇ ਹਨ :-



www.AKJ.Org

ਭਾਂਡਾ ਅਤਿ ਮਲੀਣੁ, ਧੋਤਾ ਹਛਾ ਨ ਹੋਇਸੀ ॥
ਗੁਰੂਦੁਆਰੈ ਹੋਇ, ਸੋਝੀ ਪਾਇਸੀ ॥
ਏਤੁ ਦੁਆਰੈ ਧੋਇ, ਹਛਾ ਹੋਇਸੀ ॥...ਸੂਹੀ ਮ: ੧

ਜਿਸ ਅਸਥਾਨ ਵਿਚ ਸਤਿਗੁਰੂ ਜੀ ਬਿਰਾਜਮਾਨ ਹੋਣ। ਆਪਣੇ ਪਵਿਤ੍ਰ ਪ੍ਰਕਾਸ਼ ਨਾਲ ਸੁਭਾਇਮਾਨ ਹੋਣ। ਜਿਥੋਂ ਅਸਾਂ ਮਨਾਂ ਦੇ ਮਲੀਣ ਭਾਂਡੇ–"ਜਨਮ ਜਨਮ ਕੀ ਇਸ ਮਨ ਕੋ ਮਲ ਲਾਗੀ ਕਾਲਾ ਹੋਆ ਸਿਆਹ"–ਧੋਣੇ ਹਨ, ਓਥੋਂ ਦਾ ਵਾਤਾਵਰਣ ਕਿਹੋ ਜਿਹਾ ਹੋਣਾ ਚਾਹੀਦਾ ਹੈ? ਘਰ ਵਿਚ ਕੋਈ ਸੰਤ ਮਹਾਤਮਾ ਜਾਂ ਭਾਈਚਾਰੇ ਵਿਚੋਂ ਕੋਈ ਸਤਿਕਾਰ ਯੋਗ ਬਜ਼ੁਰਗ ਹੀ ਆ ਜਾਵੇ ਤਾਂ ਘਰ ਦੇ ਸਭ ਜੀਅ ਕਿਸ ਅਦਬ ਸਤਿਕਾਰ ਨਾਲ ਉਸ ਕਮਰੇ ਵਿਚ ਜਾਂਦੇ ਹਨ? ਘਰ ਦੀਆਂ ਬੀਬੀਆਂ ਭੈਣਾਂ ਨੰਗੇ ਸਿਰ ਤੇ ਭੜਕੀਲੇ ਲਿਬਾਸ ਵਿਚ ਉਥੇ ਜਾਣੋ ਸੰਕੋਚ ਕਰਦੀਆਂ ਹਨ। ਜਦੋਂ ਉਹ ਕੋਈ ਵਿਚਾਰ ਕਰ ਰਹੇ ਹੋਣ ਕਿਸੇ ਹੋਰਸ ਦਾ ਕੋਈ ਹੋਰ ਗਲ ਕਰਨਾ ਅਯੋਗ ਤੇ ਅਸਭਯ ਸਮਝਿਆ ਜਾਂਦਾ ਹੈ। ਤਾਂ ਫਿਰ ਜਿਥੇ ਸ੍ਰੀ ਗੁਰੂ ਨਾਨਕ ਸਾਹਿਬ ਖੁਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿਚ ਪ੍ਰਕਾਸ਼ਮਾਨ ਹੋ ਰਹੇ ਹੋਣ, ਉਥੇ ਕਿੰਨੇ ਵੱਧ ਅਦਬ ਤੇ ਸਤਿਕਾਰ ਦੀ ਲੋੜ ਹੈ?

ਇਸ ਤੋਂ ਉਪਰੰਤ ਵਾਤਾਵਰਨ, ਆਲੇ ਦੁਆਲੇ ਅਤੇ ਪਹਿਰਾਵੇ ਆਦਿ ਦਾ ਮਨਾਂ ਤੇ ਜੋ ਪ੍ਰਭਾਵ ਪੈਂਦਾ ਹੈ ਉਸ ਤੋਂ ਅਸੀਂ ਸਭ ਜਾਣੂੰ ਹਾਂ। ਸਿਆਣਿਆਂ ਅਨੁਸਾਰ ਮਨੁਸ਼ ਦਾ ਸੁਭਾਅ ਉਸ ਦੇ ਵਾਤਾਵਰਨ ਦਾ ਸਿੱਟਾ ਹੈ। ਜੇਕਰ ਗੁਰਦੁਆਰਿਆਂ ਦਾ ਵਾਤਾਵਰਨ ਫੈਸ਼ਨ ਪ੍ਰਸਤੀ, ਅਸਭਯ ਪਹਿਰਾਵਿਆਂ, ਅਦਬਹੀਨ ਗਲ ਬਾਤ ਅਤੇ ਬੈਠਨ ਦੇ ਢੰਗਾਂ ਨਾਲ ਆਲੂਦਿਆ ਹੋਵੇ ਤਾਂ ਉਸਦਾ ਆਮ ਸਾਧਾਰਨ ਜਗਿਆਸੂ ਮਨ ਤੇ ਕੀ ਪ੍ਰਭਾਵ ਪੈ ਸਕਦਾ ਹੈ ਇਸ ਦਾ ਅਨੁਮਾਨ ਲਗਾਉਣਾ ਮੁਸ਼ਕਲ ਨਹੀਂ।

ਅਜ ਕਲ ਗੁਰਦੁਆਰਿਆਂ ਦਾ ਵਾਤਾਵਰਨ ਕਿਹੋ ਜਿਹਾ ਹੈ, ਇਸ ਦਾ ਅਸਲ ਰੂਪ ਵੇਣਾ ਹੋਵੇ ਤਾਂ ਕਿਸੇ ਦਿਨ ਦਿਹਾੜ, ਗੁਰਪੁਰਬ ਆਦਿ ਸਮੇਂ ਸਜੇ ਦੀਵਾਨ ਬੜੀ ਚੰਗੀ ਤਰ੍ਹਾਂ ਸਪਸ਼ਟਾਉਂਦੇ ਹਨ। ਭੜਕੀਲੇ ਰੰਗਾਂ ਵਾਲੇ ਪਹਿਰਾਵੇ, ਸਰੀਰਕ ਸਜਾਵਟਾਂ, ਤੰਗ ਅਤੇ ਸਰੀਰ ਦੀ ਬਨਾਵਟ ਅਤੇ ਸੁਹਪਣ ਪ੍ਰਗਟਾਉਣ ਵਾਲੇ ਅਧਨੰਗੇ ਲਿਬਾਸ। ਕੀ ਇਨ੍ਹਾਂ ਦਾ ਪ੍ਰਭਾਵ ਆਪਣੇ ਜਾਂ ਦੂਜਿਆਂ ਦੇ ਮਨਾਂ ਦੀ ਮੈਲ ਨੂੰ ਦੂਰ ਕਰਨ ਵਾਲਾ ਹੁੰਦਾ ਹੈ ਜਾਂ ਹੋਰ ਵੀ ਮੈਲ ਵਧਾਉਣ ਵਿਚ ਸਹਾਈ ਹੁੰਦਾ ਹੈ? ਜਿਸ ਅਸਥਾਨ ਤੇ "ਨਾਵੈ ਕੈ ਰੰਗ" ਨਾਲ ਮਨਾਂ ਦੀ ਪਾਪਾਂ ਰੂਪੀ ਮੈਲ ਨੂੰ ਧੋਣ ਜਾਣਾ ਹੈ। ਕੀ ਉਥੋਂ ਉਲਟਾ ਮਨ ਹੋਰ ਵੀ ਵਧੇਰੇ ਲਿਬੜ ਕੇ ਵਾਪਸ ਨਹੀਂ ਆਉਂਦੇ? ਸਭ ਮਨੋਵਿਗਿਆਨੀ ਇਸ ਗਲ ਤੇ ਸਹਿਮਤ ਹਨ ਕਿ ਪੁਸ਼ਾਕ ਦਾ ਪ੍ਰਭਾਵ ਮਨ ਤੇ ਬਹੁਤ ਪੈਂਦਾ ਹੈ। ਇਸੇ ਲਈ ਸਿਆਣਿਆਂ ਨੇ ਵਖੋ ਵਖ ਕਾਰਜਾਂ ਲਈ ਖਾਸ ਵਰਦੀਆਂ ਨੀਯਤ ਕੀਤੀਆਂ ਹਨ। ਫ਼ੌਜੀ ਵਰਦੀ ਪਾ ਕੇ ਮਨੁਖ ਵਿਚ ਫੌਜੀ ਸਪਿਰਿਟ ਵਾਲੀ ਚੁਸਤੀ ਆਮੁਹਾਰੇ ਆਉਣੀ ਸ਼ੁਰੂ ਹੋ ਜਾਂਦੀ ਹੈ। ਸਕੂਲਾਂ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਦੀਆਂ ਵਰਦੀਆਂ ਇਸੇ ਮੰਤਵ ਨੂੰ ਮੁਖ ਰਖ ਕੇ ਨੀਯਤ ਕੀਤੀਆਂ ਜਾਂਦੀਆਂ ਹਨ। ਏਸਤਰ੍ਹਾਂ ਜੇਕਰ ਲਿਬਾਸ ਸਾਦਾ, ਸਵਛ, ਸਾਫ਼ ਅਤੇ ਹਲਕੇ ਰੰਗਾਂ ਵਾਲਾ ਹੋਵੇ ਤਾਂ ਮਨ ਨੂੰ ਟਿਕਾਉ ਵਿਚ ਲਿਆਉਣ ਲਈ ਸਹਾਈ ਹੁੰਦਾ ਹੈ।

ਫ਼ੈਸ਼ਨ ਪ੍ਰਸਤੀ ਦੇ ਵਹਿਣ ਵਿਚ ਅਜ ਕਲ ਐਸੇ ਤੰਗ ਲਿਬਾਸ ਪਾਉਣ ਦੀ ਕੁਰੀਤੀ ਪ੍ਰਚਲਤ ਹੋ ਗਈ ਹੈ ਕਿ ਜਿਸ ਨਾਲ ਸਤਿਗੁਰੂ ਸਚੇ ਪਾਤਸ਼ਾਹ ਜੀ ਦੇ ਸਨਮੁਖ ਮਥਾ ਟੇਕਣਾ ਵੀ ਕਠਨ ਹੋ ਜਾਂਦਾ ਹੈ। ਨੌਜੁਆਨ ਵੀਰਾਂ ਦੀਆਂ ਤਿਖੀਆਂ ਚੁੰਝਾਂ ਵਾਂਗ ਵਧੀਆਂ ਹੋਈਆਂ ਪਗਾਂ ਹੀ ਮਥਾ ਟੇਕਣ ਸਮੇਂ ਧਰਤੀ ਨਾਲ ਲਗਦੀਆਂ ਹਨ ਹੋਰ "ਮਥਾ" ਤਾਂ ਟੇਕਿਆ ਜਾ ਹੀ ਨਹੀਂ ਸਕਦਾ। ਆਮ ਤੌਰ ਤੇ ਐਸੇ ਪਹਿਰਾਵਿਆਂ ਵਿਚ ਵੀਰ ਤੇ ਭੈਣਾਂ ਦੂਰੋਂ ਸਿਰ ਝੁਕਾਨ ਨਾਲ ਹੀ ਤਸੱਲੀ ਕਰ ਲੈਂਦੇ ਹਨ।

ਵੀਰਾਂ ਨਾਲੋਂ ਵੀ ਕਿਤੇ ਵੱਧ ਬੀਬੀਆਂ ਦੇ ਪਹਿਰਾਵੇ ਵਲ ਖਾਸ ਧਿਆਨ ਦੀ ਲੋੜ ਹੈ। ਇਹ ਇਕ ਸਚਾਈ ਹੈ ਕਿ ਕੁਦਰਤ ਦੇ ਕਾਨੂੰਨ ਅਨੁਸਾਰ



www.AKJ.Org

ਇਸਤ੍ਰੀ ਜਾਤੀ ਮਰਦ ਲਈ ਇਕ ਖਾਸ ਖਿੱਚ ਰਖਦੀ ਹੈ। ਸਾਰੀ ਮਨੁਖਤਾ ਦਾ ਇਤਿਹਾਸ ਇਸ ਗਲ ਦਾ ਗਵਾਹ ਹੈ ਕਿ ਇਸਤ੍ਰੀ ਦਾ ਰੂਪ ਜੋ ਕੁਦਰਤ ਅਨੁਸਾਰ ਇਸਤ੍ਰੀ ਦੀ ਵਡਮੁਲੀ ਪੂੰਜੀ ਹੈ, ਇਸ ਨੇ ਵਡੇ ਵਡੇ ਘਰਾਣੇ, ਸ਼ਾਹੀ ਖਾਨਦਾਨ ਬਲਕਿ ਦੇਸ਼ਾਂ ਦੀ ਤਬਾਹੀ ਕਰ ਦਿਤੀ। ਆਮ ਪ੍ਰਚਲਤ ਅਖਾਣ ਵੀ ਹੈ ਕਿ "ਜ਼ਰ, ਜੋਰੂ ਤੇ ਜ਼ਮੀਨ" ਹਰ ਝਗੜੇ ਦੇ ਮੁਢਲੇ ਕਾਰਨ ਹਨ। ਇਸੇ ਲਈ ਸਮੇਂ ਸਮੇਂ ਸਮਾਜ ਨੇ ਇਸਤ੍ਰੀ ਜਾਤੀ ਨੂੰ ਪਾਬੰਦੀਆਂ ਹੇਠ ਰਖਿਆ। ਘੁੰਡ ਤੇ ਬੁਰਕੇ ਦੇ ਰਿਵਾਜ ਪ੍ਰਚਲਤ ਹੋਏ। ਚੰਗੇ ਘਰਾਣਿਆਂ ਦੀਆਂ ਔਰਤਾਂ ਪਾਲਕੀ ਆਦਿ ਤੋਂ ਬਿਨਾਂ, ਖੁਲ੍ਹੇ ਮੂੰਹ ਬਾਹਰ ਨਹੀਂ ਜਾ ਸਕਦੀਆਂ ਸਨ। ਏਥੋਂ ਤਕ ਕਿ ਹੁਣ ਵੀ ਇਸਲਾਮ ਵਿਚ ਇਸਤ੍ਰੀ ਨੂੰ ਮਸੀਤ ਵਿਚ ਜਾ ਕੇ ਸਾਂਝੀ ਨਮਾਜ਼ ਵਿਚ ਸ਼ਰੀਕ ਹੋਣ ਦੀ ਮਨਾਹੀ ਹੈ। ਇਸਤ੍ਰੀ ਨੂੰ ਚਰਨ ਦਾਸੀ ਅਤੇ ਪੈਰ ਦੀ ਜੁਤੀ ਸਮਝਨ ਦੇ ਅਸਭ੍ਯ ਖਿਆਲ ਵੀ ਮਨੁਖ ਦੀ ਇਸੇ ਕਮਜ਼ੋਰੀ ਤੋਂ ਉਤਪਨ ਹੋਏ। ਇਹਨਾਂ ਸਾਰੀਆਂ ਗਲਾਂ ਦਾ ਸਿਟਾ ਇਹ ਨਿਕਲਿਆ ਕਿ ਮਨੁਖ ਜਾਤੀ ਦੀ ਅੱਧੀ ਗਿਣਤੀ ਭਾਵ ਇਸਤ੍ਰੀ ਜਾਤੀ, ਬਿਲਕੁਲ ਬੁਜ਼ਦਿਲ ਅਤੇ ਨਿਕੰਮੀ ਹੋ ਗਈ। ਉਸ ਦਾ ਦਿਲ, ਆਤਮਾ ਅਤੇ ਬੁੱਧੀ ਅਸਲੀ ਰੂਪ ਵਿਚ ਪ੍ਰਕਾਸ਼ ਨਾ ਦਿਖਾ ਸਕੇ।

ਇਹ ਮਹਾਨ ਉਪਕਾਰ ਗੁਰੂ ਸਾਹਿਬਾਨ ਨੇ ਹੀ ਕੀਤਾ ਕਿ ਇਸਤ੍ਰੀ ਜਾਤੀ ਨੂੰ ਨਿਰਾ ਸੰਤਾਨ ਉਤਪਤੀ ਅਤੇ ਨੀਵੀਆਂ ਵਾਸ਼ਨਾਵਾਂ ਦੀ ਪੂਰਤੀ ਦੇ ਸਾਧਨ ਦੇ ਨੀਵੇਂ ਦਰਜੇ ਤੋਂ ਚੁਕ ਕੇ ਉਸ ਨੂੰ ਇਸ ਯੋਗ ਬਣਾ ਦਿਤਾ ਕਿ ਉਹ ਜੀਵਨ ਦੇ ਹਰ ਖੇਤਰ ਵਿਚ ਆਪਣੀ ਸ਼ਕਤੀ ਅਨੁਸਾਰ ਪੂਰਾ ਭਾਗ ਲੈ ਸਕੇ। ਦਸਮ ਪਾਤਸ਼ਾਹ ਜੀ ਨੇ ਇਕੋ ਬਾਟੇ ਵਿਚ ਖੰਡੇ ਦਾ ਅੰਮ੍ਰਿਤ ਛਕਾ ਕੇ ਇਸਤ੍ਰੀ ਤੇ ਮਰਦ ਨੂੰ ਆਤਮਕ ਮੰਡਲ ਵਿਚ ਵੀ ਸੰਪੂਰਨ ਬਰਾਬਰੀ ਦੇ ਦਿਤੀ। ਹੁਣ ਤਕ ਵੀ ਪੰਥ ਵਿਚ 'ਅੰਮ੍ਰਿਤ ਸੰਚਾਰ' ਜਿਹੇ ਮਹਾਨ ਪਵਿਤਰ ਕਾਰਜ ਸਮੇਂ 'ਪੰਜਾਂ' ਵਿਚ ਯੋਗ ਇਸਤ੍ਰੀ ਦਾ ਸ਼ਾਮਲ ਕੀਤਾ ਜਾਣਾ ਇਸ ਬਰਾਬਰੀ ਨੂੰ ਹੋਰ ਵੀ ਪ੍ਰਟਾਉਂਦਾ ਹੈ।

ਗੁਰੂ ਸਾਹਿਬਾਨ ਦੀ ਇਸ ਮੇਹਰ ਦਾ ਸਦਕਾ ਹੁਣ ਇਸਤ੍ਰੀ ਜਾਤੀ ਗੁਰਧਾਮਾਂ ਵਿਚ ਆਕੇ, ਕੀਰਤਨ, ਪਾਠ ਅਤੇ ਹੋਰ ਧਾਰਮਿਕ ਕਾਰਜਾਂ ਵਿਚ ਪੂਰਾ ਭਾਗ ਲੈਣ ਲਗ ਪਈ। ਪਰ ਹੁਣ ਦੀ ਪ੍ਰਚਲਤ ਫ਼ੈਸ਼ਨ ਪ੍ਰਸਤੀ ਦੇ ਹੜ੍ਹ ਹੇਠ ਬਾਕੀ ਇਸ-ਤ੍ਰੀਆਂ ਦੇ ਨਾਲ ਨਾਲ ਹੀ ਨਹੀਂ ਬਲਕਿ ਉਨ੍ਹਾਂ ਤੋਂ ਵੀ ਵੱਧ, ਸਿਖ ਇਸਤ੍ਰੀ ਰੁੜ੍ਹ ਰਹੀ ਹੈ। ਪਹਿਰਾਵੇ ਸਬੰਧੀ ਗੁਰੂ ਸਾਹਿਬ ਜੀ ਤਾਂ ਸਪਸ਼ਟ ਹੁਕਮਾਉਂਦੇ ਹਨ–

"ਬਾਬਾ ਹੋਰ ਪੈਨਣ ਖੁਸੀ ਖੁਆਰ ॥
ਜਿਤ ਪੈਧੈ ਤਨ ਪੀੜੀਐ ਮਨ ਮਹਿ ਚਲੈ ਵਿਕਾਰ॥"

ਅੱਜ ਦੇ ਪਹਿਰਾਵੇ ਤਨਾ ਨੂੰ ਵੀ ਪੀੜਦੇ ਹਨ ਤੇ ਪ੍ਰਭਾਵ ਜੋ ਮਨਾ ਤੇ ਪਾਉਂਦੇ ਹਨ ਉਹ ਸਪਸ਼ਟ ਹੀ ਹੈ। ਗੁਰਬਾਣੀ ਤਾਂ ਦਰਸਾਉਂਦੀ ਹੈ–

"ਤੈ ਕੀਆ ਦੇਹਿ ਸਲਾਈਆ ਨੈਣੀ,
ਭਾਵ ਕਾ ਕਰ ਸੀਗਾਰੋ ॥"

ਅਤੇ ਅਮਲ ਵਿਚ ਜੋ ਕੁਝ ਹੋ ਰਿਹਾ ਹੈ ਉਹ ਅਖਰਾਂ ਵਿਚ ਬਿਆਨ ਕਰਨ ਤੋਂ ਬਿਨਾਂ ਹੀ ਸਪਸ਼ਟ ਹੈ।

ਆਮ ਪ੍ਰਚਲਤ ਖਿਆਲ ਹੈ ਕਿ ਈਸਾਈ ਮੱਤ ਵਾਲਿਆਂ ਵਿਚ ਇਸਤ੍ਰੀ ਜਾਤੀ ਨੂੰ ਅਸਭ੍ਯ ਦਰਜੇ ਤਕ ਖੁਲ੍ਹ ਹੈ। ਉਨ੍ਹਾਂ ਦਾ ਆਮ ਪਹਿਰਾਵਾ ਹਿੰਦ ਵਾਸੀ ਇਸਤੀ ਨਾਲੋਂ ਵਧੀਕ ਨੰਗੇਜ ਤੇ ਸੁਹਪਣ ਨੂੰ ਪ੍ਰਗਟਾਉਣ ਵਾਲਾ ਸਮਝਿਆ ਜਾਂਦਾ ਹੈ, ਪਰ ਇਸ ਧਰਮ ਦੇ ਸਿਆਣੇ ਆਗੂਆਂ ਨੇ ਏਸ ਰੋਗ ਨੂੰ ਅਖੋਂ ਉਹਲੇ ਨਹੀਂ ਕੀਤਾ। ਉਹਨਾਂ ਵਿਚ ਵੀਚਾਰਵਾਨਾਂ ਨੇ ਇਸਤ੍ਰੀ ਜਾਤੀ ਦੇ ਪਹਿਰਾਵੇ ਦੀ ਮਹੱਤਤਾ ਤੇ ਪ੍ਰਭਾਵ ਨੂੰ ਪਛਾਣਦਿਆਂ ਹੋਇਆਂ ਗਿਰਜਿਆਂ ਵਿਚ ਹਾਜ਼ਰੀ ਸਮੇਂ ਖਾਸ ਪਾਬੰਦੀਆਂ ਲਗਾਈਆਂ ਹੋਈਆਂ ਹਨ। ਮਦਰਾਸ ਸ਼ਹਿਰ ਵਿਚ ਇਕ ਬੜਾ ਵਡਾ ਗਿਰਜਾ ਘਰ ਸੈਨਥੋਮ (Santhome church) ਦੇ ਨਾਮ ਨਾਲ ਪ੍ਰਸਿੱਧ ਹੈ, ਸੇਂਟ ਥਾਮਸ ਜੀ ਜੋ ਕਈ ਸਦੀਆਂ ਪਹਿਲੇ ਦਖਣੀ ਹਿੰਦ ਵਿਚ ਈਸਾਈ ਮੱਤ ਦੇ ਪ੍ਰਚਾਰ ਲਈ ਆਏ ਸਨ, ਉਹਨਾਂ ਨਾਲ ਸੰਬੰਧਤ ਹੋਣ ਕਰਕੇ



www.AKJ.Org

ਖਾਸ ਇਤਿਹਾਸਕ ਮਹਾਨਤਾ ਰਖਦਾ ਹੈ ਅਤੇ ਇਸ ਲਈ ਹਿੰਦ ਦੇ ਈਸਾਈਆਂ ਲਈ ਤੀਰਥ ਅਸਥਾਨ ਹੈ। ਇਸ ਗਿਰਜੇ ਵਿਚ ਅਰਦਾਸ ਵਾਲੇ ਹਾਲ ਕਮਰੇ ਦੇ ਦਰਵਾਜ਼ੇ ਦੇ ਲਾਗੇ ਬਾਹਰਵਾਰ ਨੋਟਸ ਬੋਰਡ ਤੇ ਇਕ ਸੂਚਨਾ ਅੰਗਰੇਜ਼ੀ ਵਿਚ ਟਾਈਪ ਕੀਤੀ ਹੋਈ ਲਗੀ ਹੋਈ ਹੈ। ਉਸ ਦੀ ਇੰਨ ਬਿੰਨ ਨਕਲ ਹੇਠ ਦਿਤੀ ਜਾਂਦੀ।

WOMEN CHURCH REGULATION

1. Women and girls shall wear dresses with full sleeves or atleast with sleeves fully covering the arms and reaching the elbows.

2. Their dresses should cover the base of the neck.

3. Their dresses when sitting on seats, should cover their kness.

4. When flimsy and transparant materials are used for dresses, the undergarment should be such as completely to cover the upper part of the body till the base of the neck.

5. Their heads should be properly covered or veiled. Bare senll caps or hair nets meant to hold the hair in position cannot and should not be considered as substitutes for the head cover or veil which st. Paul enjoins or Chirstian women, when in churh.

Francis Caravlho,
Auxiliary Bishop & Administrator,
Archdioces of Madras, Mylapore.
Santhome 21st. Nov. 1955

ਇਹ ਸੂਚਨਾ ਭਾਵੇਂ ਸੰਨ ੧੯੫੫ ਵਿਚ ਲਿਖੀ ਗਈ ਸੀ ਪਰ ਹੁਣ ਤਕ ਬੋਰਡ ਤੇ ਕਾਇਮ ਹੈ ਅਤੇ ਇਸ ਤੇ ਅਮਲ ਹੋ ਰਿਹਾ ਹੈ, ਇਸ ਦਾ ਪੰਜਾਬੀ ਉਲੱਥਾ ਇਸਤਰ੍ਹਾਂ ਹੈ :–

## ਗਿਰਜੇ ਵਿਚ ਇਸਤ੍ਰੀਆਂ ਲਈ ਪਹਿਰਾਵੇ ਸਬੰਧੀ ਨਿਯਮ

੧. ਇਸਤ੍ਰੀਆਂ ਤੇ ਕੁੜੀਆਂ ਪੂਰੀਆਂ ਬਾਹਵਾਂ ਵਾਲਾ ਪਹਿਰਾਵਾ ਪਾਕੇ ਆਉਣ ਜਾਂ ਘਟੋ ਘਟ ਕੂਹਣੀਆਂ ਤਕ ਬਾਹਵਾਂ ਜ਼ਰੂਰ ਢਕੀਆਂ ਹੋਣ।

੨. ਗਰਦਨ ਦਾ ਥਲਵਾਂ ਹਿਸਾ ਨੰਗਾ ਨਹੀਂ ਹੋਣਾ ਚਾਹੀਦਾ।

੩. ਪਹਿਰਾਵਾ ਇਹੋ ਜਿਹਾ ਹੋਵੇ ਕਿ ਜਦੋਂ ਉਹ ਆਪਣੀ ਥਾਂ ਤੇ ਬੈਠਨ ਤਾਂ ਗਿਟਿਆਂ ਤਕ ਸਰੀਰ ਢਕਿਆ ਜਾਵੇ।

(ਨੋਟ–ਗਿਰਜਿਆਂ ਵਿਚ ਬੈਠਨ ਲਈ ਬੈਂਚ ਹੁੰਦੇ ਹਨ। ਮ: ਸ:)

੪. ਜੇਕਰ ਪਹਿਰਾਵਾ ਬਹੁਤ ਮਹੀਨ ਤੇ ਪਾਰ ਦਰਸ਼ਕ ਕਪੜੇ ਦਾ ਬਣਿਆ ਹੋਵੇ ਤਾਂ ਥੱਲੇ ਪਾਉਣ ਵਾਲਾ ਕਪੜਾ (ਬਨੈਣ ਆਦਿ। ਮ: ਸ:) ਇਹੋ ਜਿਹਾ ਹੋਣਾ ਚਾਹੀਦਾ ਹੈ ਜਿਸ ਨਾਲ ਸਰੀਰ ਦਾ ਉਪਰਲਾ ਭਾਗ, ਗਰਦਨ ਦੇ ਮੁਢ ਤਕ ਢਕਿਆ ਹੋਵੇ।

੫. ਸਿਰ ਯੋਗ ਢੰਗ ਨਾਲ ਢੱਕੇ ਹੋਣ। ਕੇਸਾਂ ਨੂੰ ਸੰਭਾਲਣ ਲਈ ਵਰਤੀਆਂ ਜਾਣ ਵਾਲੀਆਂ ਜਾਲੀਆਂ ਆਦਿ ਉਸ ਦੁਪਟੇ ਜਾਂ ਪਰਦੇ ਦਾ ਸੂਚਕ ਨਹੀਂ ਜਿਸ ਸਬੰਧੀ ਸੇਂਟ ਪਾਲ ਨੇ ਈਸਾਈ ਇਸਤ੍ਰੀਆਂ ਨੂੰ ਗਿਰਜੇ ਵਿਚ ਆਉਣ ਸਮੇਂ ਵਰਤਨ ਦੀ ਆਗਿਆ ਕੀਤੀ ਹੈ।

ਇਸੇ ਸਬੰਧ ਵਿਚ ਇਸ ਅੰਗਰੇਜ਼ੀ ਦੀ ਸੂਚਨਾ ਤੋਂ ਉਪਰੰਤ ਇਕ ਹੋਰ ਸੂਚਨ ਮਦਰਾਸ ਦੀ ਬੋਲੀ "ਤਾਮਿਲ" ਵਿਚ ਲਿਖੀ ਹੋਈ ਵੀ ਉਸ ਨੋਟਸ ਬੋਰਡ ਤੇ ਲਗੀ ਹੋਈ ਹੈ। ਇਸ ਵਿਚ ਦਿਤੀਆਂ ਹਦਾਇਤਾਂ ਇਸ ਅੰਗਰੇਜ਼ੀ ਦੇ ਸੂਚਨਾ ਪਤਰ ਤੋਂ



www.AKJ.Org

ਵੀ ਵਧ ਤਫਸੀਲ ਵਿਚ ਹਨ। ਉਸ ਸੂਚਨਾ ਦਾ ਪੰਜਾਬੀ ਉਲੱਥਾ ਹੇਠ ਦਿਤਾ ਜਾਂਦਾ ਹੈ :–

## ਤਾਮਿਲ ਵਿਚ ਲਿਖੀ ਸੂਚਨਾ ਦਾ ਪੰਜਾਬੀ ਅਨੁਵਾਦ

੧. ਅਜ ਕਲ ਨਵੇਂ ਫ਼ੈਸ਼ਨ ਦੀ ਚੋਲੀ (ਬਲਾਊਜ਼) ਜਿਸ ਨਾਲ ਪੇਟ ਦਾ ਨਿਚਲਾ ਭਾਗ ਦਿਸਦਾ ਰਹਿੰਦਾ ਹੈ, ਗਿਰਜਾ ਸ਼ਾਸਣ ਦੇ ਉਲਟ ਹੈ।

੨. ਚੋਲੀ ਜਾਂ ਬਲਾਊਜ਼ ਘਟੋ ਘਟ ਕੂਹਣੀਆਂ ਤਕ ਜ਼ਰੂਰ ਹੋਣਾ ਚਾਹੀਦਾ ਹੈ।

੩. ਗਰਦਨ ਤੋਂ ਥੱਲੇ ਵੱਧ ਤੋਂ ਵੱਧ ਦੋ ਇੰਚ ਥਾਂ ਨੰਗੀ ਹੋਵੇ।

੪. ਸਿਰ ਪੂਰਨ ਤੌਰ ਤੇ ਢਕਿਆ ਹੋਵੇ। ਇਹ ਨਾ ਹੋਵੇ ਕਿ ਘੜੀ ਮੁੜੀ ਸਿਰ ਨੰਗਾ ਹੁੰਦਾ ਰਹੇ।

੫. ਤੇਜ਼ ਖੁਸ਼ਬੂ ਵਾਲੇ ਅਤਰ ਆਦਿ ਦੀ ਵਰਤੋਂ ਨਹੀਂ ਕਰਨੀ ਚਾਹੀਦੀ।

੬. ਬਹੁਤੇ ਫੁੱਲਾਂ ਦੀ ਸਜਾਵਟ ਵੀ ਯੋਗ ਨਹੀਂ।

(ਮਦਰਾਸੀ ਇਸਤ੍ਰੀਆਂ ਵਿਚ ਕੇਸਾਂ ਦੀ ਸਜਾਵਟ ਲਈ ਫੁਲ ਵਰਤਨ ਦਾ ਆਮ ਰਿਵਾਜ ਹੈ। ਮ: ਸ:)

੭. ਛੋਟੇ ਬਚਿਆਂ ਤੋਂ ਬਿਨਾਂ ਬਾਕੀ ਸਭ ਨੂੰ ਸਿਰ ਢੱਕ ਕੇ ਆਉਣਾ ਚਾਹੀਦਾ ਹੈ।

੮. ਬਚਿਆਂ ਦਾ ਪਹਿਰਾਵਾ ਵੀ ਇਹੋ ਜਿਹਾ ਨਾਂ ਹੋਵੇ ਜਿਸ ਨਾਲ ਉਨ੍ਹਾਂ ਦੀ ਬਾਂਹ ਨੰਗੀ ਰਹੇ।

੯. ਕੀਮਤੀ ਕਪੜੇ ਤੇ ਗਹਿਣੇ ਪਾ ਕੇ ਗਿਰਜੇ ਵਿਚ ਆਉਣ ਦਾ ਮੰਤਵ ਸਜਾਵਟ ਤੇ ਵਚਿਤ੍ਰਤਾ ਤਾਂ ਹੋ ਸਕਦਾ ਹੈ ਪਰ ਨਿਰੋਲ ਪ੍ਰਭੂ ਪੂਜਾ ਨਹੀਂ।

੧੦. ਬਰੀਕ ਪਾਰਦਰਸ਼ਕ ਪਹਿਰਾਵਾ ਅਸਭ੍ਯ ਹੈ।

੧੧. ਇਸਤ੍ਰੀਆਂ ਨੂੰ ਸਾਦਾ ਤੇ ਚੰਗੇ ਪਹਿਰਾਵੇ ਵਿਚ ਗਿਰਜੇ ਆਉਣਾ ਚਾਹੀਦਾ ਹੈ। ਉਹ ਸ਼ਰਮ ਅਤੇ ਨਫਸ ਤੇ ਕਾਬੂ ਪਾਣਾ ਇਤਿਆਦ ਗੁਣਾਂ ਦਾ ਗਹਿਣਾ ਬਨਾਣ। ਗਿਰਜੇ ਵਿਚ ਆਉਣ ਦਾ ਮੁਖ ਮੰਤਵ ਪ੍ਰਭੂ ਪ੍ਰਾਰਥਨਾ ਹੋਣਾ ਚਾਹੀਦਾ ਹੈ।

ਈਸਾਈ ਮੱਤ ਦੇ ਗਿਰਜੇ ਵਿਚ ਲਗੀਆਂ ਸੂਚਨਾਵਾਂ ਸਾਫ਼ ਤੇ ਸਪਸ਼ਟ ਹਨ। ਕੀ ਕੋਈ ਅਜਿਹਾ ਗੁਰਦੁਆਰਾ ਸ਼ਾਸਣ ਨਹੀਂ ਬਣਾਇਆ ਜਾ ਸਕਦਾ ਜਿਸ ਨਾਲ ਸਾਡੇ ਗੁਰਧਾਮਾਂ ਦਾ ਵਾਤਾਵਰਨ ਆਤਮਕ ਉਨਤੀ ਲਈ ਸਹਾਇਕ ਹੋ ਸਕੇ। ਆਸ ਹੈ ਕਿ ਪੰਥ ਹਿਤੈਸ਼ੀ ਇਸ ਵਲ ਧਿਆਨ ਦੇ ਕੇ ਕੋਈ ਉਪਾਉ ਸੋਚਣਗੇ ਜਿਸ ਨਾਲ ਗੁਰਧਾਮਾਂ ਦੀ ਅਸਥਾਪਨਾ ਦਾ ਅਸਲ ਮੰਤਵ ਪੂਰਾ ਹੋ ਸਕੇ ਅਤੇ ਉਨ੍ਹਾਂ ਦੀ ਪਵਿਤ੍ਰਤਾ ਕਾਇਮ ਰਹਿ ਸਕੇ।

ਨੋਟ :–ਪਿਛਲੇ ਸਾਲ ਇਹ ਲੇਖ "ਖਾਲਸਾ ਸਮਾਚਾਰ" ਵਿਚ ਭੀ ਛਪਿਆ ਸੀ। (ਮੈਨੇਜਰ)

*
* *

## *ਪਾਠਕਾਂ ਪ੍ਰਤੀ ਬੇਨਤੀਆਂ *

(੧) ਅਗੇ ਤੋਂ ਮਾਸਕ ਪੱਤਰ 'ਸੂਰਾ' ਹਰ ਮਹੀਨੇ ਪ ਤਾਰੀਖ ਨੂੰ ਡਾਕ ਵਿਚ ਪਾ ਦਿਤਾ ਜਾਇਆ ਕਰੇਗਾ। ਇਸ ਲਈ ਦੇਸ਼ ਵਾਸੀ ਵੀਰਾਂ ਨੂੰ ੧੨ ਤਾਰੀਖ ਤਕ ਅਤੇ ਪਰਦੇਸੀ ਵੀਰਾਂ ਨੂੰ ੨੦ ਤਾਰੀਖ ਤਕ ਜੇਕਰ ਪਰਚਾ ਨਾ ਮਿਲੇ ਤਾਂ ਉਹ ਹੇਠ ਲਿਖੇ ਪਤੇ ਤੇ ਚਿਠੀ ਪੱਤਰ ਕਰਨ।

(੨) ਜਦੋਂ ਭੀ ਆਪ ਜੀ ਦੇ ਘਰ ਦਾ ਪਤਾ ਤਬਦੀਲ ਹੋਵੇ ਤਾਂ ਫ਼ੌਰਨ ਹੇਠ ਲਿਖੇ ਪਤੇ ਤੇ ਪਤਾ ਦੇਵੋ। ਆਪਣਾ ਪਤਾ ਸਾਫ ਤੇ ਸ਼ੁਧ ਲਿਖੋ।

**ਮੈਨੇਜਰ 'ਸੂਰਾ'**

**ਪ੯੪/੩ ਖਾਲਸਾ ਮਹੱਲਾ ਪਟਿਆਲਾ**



www.AKJ.Org

# ਜਪੁ-ਸੰਦੇਸ

(ਸਚਖੰਡ ਵਾਸੀ ਭਾਈ ਸਾਹਿਬ ਨਰੈਣ ਸਿੰਘ ਜੀ ਐਮ. ਏ. ਲੁਧਿਆਣਾ)

ਸ੍ਰੀ ਜਪੁ ਜੀ ਸਾਹਿਬ ਸਿਖਾਂ ਲਈ ਅੰਮ੍ਰਿਤ ਵੇਲੇ ਪਾਠ ਕਰਨ ਵਾਲੀ ਬਾਣੀ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੁਢਲੀ ਬਾਣੀ ਹੈ। ਇਸ ਨੂੰ ਰਾਗਾਂ ਦੀ ਹੱਦ ਤੋਂ ਭੀ ਉਪਰ ਰਖਿਆ ਗਿਆ ਹੈ। ਇਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਆਯੂ ਦੇ ਛੇਕੜਲੇ ਦਿਨਾਂ ਵਿਚ ਰਚਿਆ ਸੀ। ਇਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਧਾਂਤਕ ਬਾਣੀ ਮੰਨਿਆ ਗਿਆ ਹੈ। ਖਾਲਸਾ ਪੰਥ ਵਿਚ ਬਹੁਤ ਸਾਰੇ ਪ੍ਰੇਮੀ ਇਸ ਦਾ ਅੰਮ੍ਰਿਤ ਵੇਲੇ ਨਿਯਮ ਨਾਲ ਪਾਠ ਕਰਦੇ ਹਨ। ਇਹ ਮੁਕਤੀ ਪ੍ਰਦਾਨ ਕਰਨ ਵਾਲੀ ਬਾਣੀ ਦ੍ਰਿੜ੍ਹੀ ਗਈ ਹੈ। ਇਸ ਬਾਣੀ ਉਤੇ ਸਿਖਾਂ ਦੀ ਅਧਿਕ ਸ਼ਰਧਾ ਹੈ। ਇਹ ਕਈ ਅਨਪੜ੍ਹ ਸਜਣਾਂ ਦੇ ਭੀ ਕੰਠ ਹੈ।

ਸ੍ਰੀ ਜਪੁ ਜੀ ਸਾਹਿਬ ਦੀ ਬਾਣੀ ਸੰਖੇਪ ਰੂਪ ਵਿਚ ਉਚਰੀ ਹੋਈ ਹੈ। ਗੁਣੀ-ਗਿਆਨੀ ਜਨਾਂ ਨੇ ਵਡੀ ਖੋਜ ਨਾਲ ਇਸ ਦੇ ਅਰਥਾਂ ਨੂੰ ਸਪਸ਼ਟ ਕਰਨ ਦਾ ਯਤਨ ਕੀਤਾ ਹੈ। ਇਸ ਦੇ ਕਈ ਰੂਪਾਂ ਵਿਚ ਸੰਪ੍ਰਦਾਈ ਅਥਵਾ ਵਿਆਕਰਣਿਕ ਟੀਕੇ ਮਿਲਦੇ ਹਨ। ਇਸ ਬਾਣੀ ਦੇ ਭਾਵ ਅਤੀ ਗੂੜ੍ਹੇ ਹਨ। ਕਿਤੇ ਕਿਤੇ ਖੋਜੀ ਵਿਦਵਾਨਾਂ ਨੇ ਇਸ ਦੇ ਰੂਹਜ ਭਾਵਾਂ ਨੂੰ ਖੋਲ੍ਹ ਕੇ ਦੱਸਣ ਦਾ ਭੀ ਉਦਮ ਕੀਤਾ ਹੈ ਤੇ ਇਸ ਸਾਰੀ ਰਚਨਾ ਨੂੰ ਇਕੋ ਆਸ਼ੇ ਦੀ ਲੜੀ ਵਿਚ ਪ੍ਰੋਤੀ ਹੋਈ ਦਰਸਾਇਆ ਹੈ, ਜਿਸ ਨਾਲ ਪਾਠ ਕਰਨ ਲਗਿਆਂ ਸਿਧਾਂਤਿਕ ਧੁਰੇ ਨੂੰ ਮੁਖ ਰਖਿਆ ਜਾ ਸਕਦਾ ਹੈ।

ਸ੍ਰੀ ਜਪੁ ਜੀ ਸਾਹਿਬ ਜੀ ਦੇ ਹੋਂਦ ਵਿਚ ਆਉਣ ਤੋਂ ਲੈ ਕੇ ਹੁਣ ਦੇ ਸਮੇਂ ਤੀਕਰ ਇਸ ਦੇ ਨਿਤਾਂ-ਪ੍ਰਤੀ ਪਾਠਾਂ ਰੂਪ ਆਸਰੇ ਦੁਆਰਾ ਸਿਖ ਸੰਗਤਾਂ ਨਿਰਦਈ ਸਮੇਂ ਦੀਆਂ ਕਈ ਗੁੰਝਲਾਂ ਵਿਚੋਂ ਸਫਲਤਾ ਸੰਜੁਗਤ ਲੰਘੀਆਂ ਹਨ। ਮੁਗਲ ਰਾਜ ਵੇਲੇ ਇਸੀ ਬਾਣੀ ਦੇ ਆਸਰੇ ਇਸ ਦੇ ਨਿਤਨੇਮੀ ਨਿਰਧਨਤਾ, ਦੀਨਤਾ ਤੇ ਅਧੀਨਤਾ ਦੀ ਕਰੜੀ ਕਠਨਤਾਈਆਂ ਝਲਦੇ ਰਹੇ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਇਸੀ ਬਾਣੀ ਦਾ ਪਾਠ ਕਰਦੇ ਹੋਏ ਅਕਹਿ ਅਸਹਿ ਕਸ਼ਟ ਸਹਾਰ ਕੇ ਸ਼ਹੀਦ ਹੋਏ। ਭਾਈ ਮਤੀ ਦਾਸ ਜੀ ਦੇ ਸਫਲ ਸਰੀਰ ਦੀਆਂ ਤਿਖੇ ਆਰੇ ਨਾਲ ਚਿਰੀਆਂ ਦੋਵੇਂ ਫਾਂਕਾਂ ਇਸ ਬਾਣੀ ਦਾ ਦੂਹਰਾ ਪਾਠ ਕਰਦੀਆਂ ਹੋਈਆਂ ਸ਼ਾਂਤ ਹੋਈਆਂ। ਇਸ ਬਾਣੀ ਦੀ ਅਦੁਤੀ ਧੁਨੀ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪਵਿਤ੍ਰ ਸੀਸ ਔਰੰਗਜ਼ੇਬ ਦੀ ਰੱਤ-ਪੀਣੀ ਤੇਗ ਰਾਹੀਂ ਨਿਰਦੋਸ਼ ਧੜ ਤੋਂ ਅੱਡਰਾ ਹੋਇਆ। ਸ੍ਰੀ ਕਲਗੀਧਰ ਦਸਮੇਸ਼ ਪਿਤਾ ਜੀ ਨੇ ਦੁਧਾਰੇ ਖੰਡੇ ਨਾਲ ਦੁਸ਼ਟ-ਦਮਨ ਅੰਮ੍ਰਿਤ ਦਾ ਪ੍ਰਚੰਡ ਬਾਟਾ ਇਸੀ ਬਾਣੀ ਦੇ ਆਰੰਭਕ ਪਾਠ ਨਾਲ ਸਾਜਿਆ। ਇਸੀ ਬਾਣੀ ਦੇ ਉਚਾਰਨ ਵਿਚ ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫਤਹ ਸਿੰਘ ਜੀ ਦੇ ਕੋਮਲ ਸਰੀਰ ਕਠੋਰ ਕੰਧ ਦੀਆਂ ਨਿਰਦਈ ਇਟਾਂ ਹੇਠ ਸਦਾ ਲਈ ਲੋਪ ਹੋਏ। ਇਸੀ ਬਾਣੀ ਦਾ ਪਾਠ ਕਰਦਿਆਂ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਲਥੀ। ਇਸੀ ਬਾਣੀ ਦੇ ਉਚਾਰਨ ਵਿਚ ਹੀ ਭਾਈ ਮਨੀ ਸਿੰਘ ਜੀ ਦੇ ਬੰਦ ਬੰਦ ਕਟੇ ਗਏ। ਹੋਰ ਬੇਅੰਤ ਸਿਖ ਸ਼ਹੀਦਾਂ ਦੇ ਅਮੋਲਕ ਜੀਵਨ ਇਸੀ ਜਪੁ ਜੀ ਸਾਹਿਬ ਜੀ ਦੇ ਪਾਠ ਦੀ ਮਨੋਹਰ ਧੁਨੀ ਵਿਚ ਜਾਬਰਾਂ ਦੇ ਮਨ-ਭਾਉਂਦੇ ਤਸੀਹਿਆਂ ਹੇਠ ਸਮਾਪਤ ਹੋਏ। ਇਸੀ ਅਕਾਲੀ ਬਾਣੀ ਦੀ ਸਾਹਿਸ-ਉਪਜਾਊ ਅਗਵਾਈ



www.AKJ.Org

ਵਿਚ ਸੂਰਬੀਰ ਸਿੰਘਾਂ ਨੇ ਅਣਗਿਣਤ ਵੈਰੀਆਂ ਦਾ ਟਾਕਰਾ ਕਰ ਕੇ ਜੁਧ ਜਿਤੇ। ਇਸ ਬਾਣੀ ਦੇ ਆਸ਼ੇ ਨੂੰ ਲੈਂਦੇ ਹੋਇਆਂ ਅਨੇਕਾਂ ਗੁਰਮੁਖਾਂ ਨੇ ਅਜਰ ਜਰਨ ਤੇ ਦੇਖ ਕੇ ਅਣਡਿੱਠ ਕਰਨ ਦੀਆਂ ਘਾਲਾਂ ਘਾਲੀਆਂ। ਇਸੀ ਅੰਮ੍ਰਿਤ ਰੂਪ ਬਾਣੀ ਦੇ ਆਸਰੇ ਗੁਰਸਿਖਾਂ ਨੇ ਤੇਗ ਵਾਹੀ ਤੇ ਦੇਗ ਚਲਾਈ। ਸਚਮੁਚ ਇਹ ਬਾਣੀ ਸ਼ਹੀਦਾਂ ਦੀ ਅਡੋਲਤਾ ਤੇ ਪਵਿਤ੍ਰਤਾ ਦੀ ਸਾਖੀ ਹੈ ਤੇ ਸ਼ਹੀਦਾਂ ਨੂੰ ਨਿਰਸੰਦੇਹ ਪਾਰਬ੍ਰਹਮ ਦੀ ਹਜ਼ੂਰੀ ਵਿਚ ਮਾਣ ਸਹਿਤ ਅਪੜਾਉਂਦੀ ਰਹੀ ਹੈ। ਇਹ ਪੰਥ ਦੀ ਡੂੰਘੀ ਤੇ ਪੱਕੀ ਨੀਂਹ ਹੈ। ਇਸ ਵਿਚ ਸਮੂਹ ਬਾਣੀ ਦਾ ਸਾਰ ਅੰਕਿਤ ਹੈ। ਖਾਲਸਾ ਪੰਥ ਦੇ ਸਮੂਹ ਰਹਿਤਨਾਮੇ ਇਸ ਬਾਣੀ ਦੀਆਂ ਤੁਕਾਂ ਵਿਚ ਲੁਪਤ ਹਨ। ਇਹ ਸਿਖ ਰਹਿਤ-ਮਰਯਾਦਾ ਤੇ ਖਾਲਸਈ ਆਦ੍ਰਸ਼ ਦੀ ਕੁੰਜੀ ਹੈ। ਇਸ ਵਿਚ ਖਾਲਸਾ ਪੰਥ ਦਾ ਭੂਤ ਤੇ ਭਵਿਖ ਲੁਕਿਆ ਹੋਇਆ ਹੈ। ਇਸ ਵਿਚ ਲੋਕ ਤੇ ਪ੍ਰਲੋਕ ਦੀਆਂ ਵਡਿਆਈਆਂ ਦੇ ਸਾਧਨ ਗੁਪਤ ਰੂਪ ਵਿਚ ਅੰਕਿਤ ਹਨ। ਇਸ ਵਿਚ ਆਚਰਣਿਕ ਉਸਾਰੀ, ਸਮਾਜਿਕ ਉਨਤੀ, ਆਰਥਿਕ ਸਮਰਥਾ ਤੇ ਰਾਜਸਿਕ ਸੁਤੰਤ੍ਰਤਾ ਦੀ ਪ੍ਰਾਪਤੀ ਦੇ ਉਚੇ ਅਤੇ ਅਚੁਕ ਸਾਧਨ ਲੁਪਤ ਹਨ। ਇਹ ਆਪਣੇ ਸ਼ਰਧਾਲੂ ਪ੍ਰੇਮੀਆਂ ਨੂੰ ਰਾਜਜੋਗੀ ਬਨਾਉਣ ਲਈ ਸਮਰਥ ਹੈ। ਸੰਸਾਰ ਦਾ ਕੋਈ ਪਦਾਰਥ ਜਾਂ ਵਿਦਿਆ ਜਾਂ ਕਲਾ ਇਸ ਦੇ ਸ਼ਰਧਾ ਨਾਲ ਜਪਣ ਵਾਲੇ ਦੀ ਪਹੁੰਚ ਤੋਂ ਪਰੇ ਨਹੀਂ ਹੈ। ਇਹ ਬ੍ਰਹਮ ਦੀ ਹੋਂਦ ਨੂੰ ਸੁਧ ਰੂਪ ਵਿਚ ਦਰਸਾਉਂਦੀ ਹੈ ਅਤੇ ਜੀਵ ਨੂੰ ਇਸੀ ਲੋਕ ਵਿਚ ਬ੍ਰਹਮ ਦੀ ਪ੍ਰਾਪਤੀ ਕਰਾਉਂਦੀ ਹੈ। ਇਹ ਪੁਰਸ਼ ਦੀ ਆਤਮਿਕ ਅਵਸਥਾ ਨੂੰ ਰਿਧੀਆਂ ਤੇ ਸਿਧੀਆਂ ਦੀ ਚੇਸ਼ਟਾ ਤੋਂ ਉਚਾ ਚੁਕ ਕੇ ਉਸ ਨੂੰ ਵਿਆਪਕ ਬ੍ਰਹਮ ਨਾਲ ਅਭੇਦ ਕਰਾਂਦੀ ਹੈ। ਇਸ ਦਾ ਅਖੰਡ ਅਭਿਆਸ ਮਨ ਵਿਚ ਟਿਕਾਉ, ਬੁਧੀ ਵਿਚ ਪ੍ਰਕਾਸ਼, ਰਸਨਾ ਵਿਚ ਮਿਠਾਸ, ਬਿਉਹਾਰ ਵਿਚ ਸਫਲਤਾ ਤੇ ਆਤਮਾ ਵਿਚ ਅਨੰਦ ਉਪਜਾਉਂਦਾ ਹੈ। ਇਸ ਦੀ ਇਕ-ਰਸ ਵਿਚਾਰ ਵਿਗਿਆਨਿਕ ਖੋਜ, ਸਮਾਜਿਕ ਸਮਾਨਤਾ ਤੇ ਸੁਧ ਭਗਤੀ ਵਲ ਪ੍ਰੇਰਦੀ ਹੈ। ਇਹ ਬ੍ਰਹਮ ਦੀ ਅੰਤ-ਰਹਿਤ ਵਿਆਪਕਤਾ ਦਰਸਾ ਆਪਣੇ ਅਭਿਆਸੀ ਦੀ ਬ੍ਰਿਤੀ ਨੂੰ ਦੇਸ਼ ਅਤੇ ਕਾਲ ਦੇ ਘੇਰੇ ਤੋਂ ਉਤਾਂਹਾਂ ਚੁਕ ਕੇ ਨਿਰਗੁਣ ਬ੍ਰਹਮ ਵਿਚ ਲੀਨ ਕਰਦੀ ਹੈ। ਇਹ ਕਾਲ ਭੈ ਤੋਂ ਰਹਿਤ ਕਰਕੇ ਕਾਇਰਾਂ ਨੂੰ ਜੋਧੇ ਬਣਾਉਂਦੀ ਹੈ। ਇਹ ਪੁਰਸ਼ ਨੂੰ ਪਾਰਬ੍ਰਹਮ ਦੀ ਅਮਰ ਅੰਸ ਜਣਾ ਕੇ ਉਸ ਨੂੰ ਸਮੂਹ ਸੰਸਾਰੀ ਔਕੜਾਂ, ਕਠਨਾਈਆਂ ਤੇ ਵਿਰੋਧਤਾਈਆਂ ਦੇ ਵਿਰੁਧ ਖਿੜੇ ਮਥੇ ਡਟਣ ਦੀ ਯੋਗਤਾ ਪ੍ਰਦਾਨ ਕਰਦੀ ਹੈ।

ਸ੍ਰੀ ਜਪੁ ਜੀ ਸਾਹਿਬ ਬ੍ਰਹਮ ਦੀ ਨਿਰਗੁਣ ਤੇ ਸਰਗੁਣ ਅਵਸਥਾ ਦਾ ਭੇਦ ਖੋਲ੍ਹਦੀ ਹੈ। ਇਸ ਵਿਚ ਆਚਰਣਿਕ ਗੁਣ ਭਗਤੀ ਦੀ ਨੀਂਹ ਕਰਕੇ ਵਰਨੇ ਗਏ ਹਨ। ਮਾਨੁਸ਼ਤਾ ਦੀ ਨਿਸ਼ਕਾਮ ਤੇ ਸ਼ੁਧ ਸੇਵਾ ਸਰਗੁਣ ਬ੍ਰਹਮ ਦੀ ਸਚੀ ਉਪਾਸ਼ਨਾ ਹੈ। ਨਹੀਂ ਤਾਂ ਇਸ ਭੇਦ ਤੋਂ ਅਗਿਆਤ ਸੱਜਣ ਤਿਆਗ ਮਾਰਗ ਨੂੰ ਹੀ ਭਗਤੀ ਮੰਨ ਬੈਠੇ ਸਨ। ਉਨ੍ਹਾਂ ਦੀ ਇਸ ਵਿਚਾਰ-ਧਾਰਾ ਦੇ ਅਧੀਨ ਬ੍ਰਹਮ ਉਪਾਸ਼ਕਾਂ ਦਾ ਸੰਸਾਰੀ ਅੰਗ ਉਕਾ ਹੀ ਮਾਰਿਆ ਗਿਆ ਸੀ। ਸੰਸਾਰੀ ਅਵਸਥਾ ਦੀ ਸਫਲਤਾ ਆਚਰਣਿਕ ਗੁਣਾਂ ਦੁਆਰਾ ਹੀ ਹੋ ਸਕਦੀ ਹੈ ਅਤੇ ਸ਼ੁਧ ਆਚਰਣ ਹੀ ਭਗਤੀ ਦੀ ਨੀਂਹ ਹੈ। ਤਾਂ ਸੰਸਾਰਕ ਐਸ਼੍ਵਰਜ, ਧਨ, ਸੁਖ, ਬੋਧ ਤੇ ਵਡਿਆਈ ਕਿਵੇਂ ਭਗਤੀ ਤੋਂ ਵਿਰੁਧ ਹੋ ਸਕਦੇ ਹਨ? ਇਸ ਭਾਵ ਦੇ ਅਧੀਨ ਵਿਚਾਰ ਕੀਤਿਆਂ ਨਾਮ ਅਭਿਆਸ ਦਾ ਭੇਦ ਖੁਲ੍ਹ ਜਾਂਦਾ ਹੈ। ਇਹ ਸ੍ਰੀ ਜਪੁ ਜੀ ਸਾਹਿਬ ਦੀ ਵਡੀ ਵਡਿਆਈ ਹੈ।

ਬ੍ਰਹਮ ਦੀ ਸ਼ਬਦ ਰੂਪ ਵਿਆਪਕਤਾ ਦੀ ਦ੍ਰਿਸ਼ਟੀਕੋਨ ਤੋਂ ਵੇਖਣ ਦੁਆਰਾ ਹੀ ਸ੍ਰਿਸ਼ਟੀ ਵਿਚ ਦਿਸਦੀਆਂ ਵਿਰੋਧੀ ਸ਼ਕਤੀਆਂ ਦਾ ਭਰਮ ਨਿਵਿਰਤ ਹੁੰਦਾ ਹੈ। ਸ੍ਰਿਸ਼ਟੀ-ਰਚਨਾ ਵਿਚ ਗੁਣਵੰਤਿਆਂ ਦੇ ਨਾਲ ਨਾਲ ਨਿਰਗੁਣਿਆਰਿਆਂ ਲਈ ਭੀ ਥਾਂ ਹੈ। ਬ੍ਰਹਮ ਸਰਬ ਪਰਕਾਰ ਦੇ ਗੁਣਾਂ ਦਾ ਅਦੁਤੀ ਸੋਮਾ ਹੈ। ਆਚਰਣਿਕ ਗੁਣ ਉਤਪਤੀ ਤੇ ਪ੍ਰਗਟਾਉ ਲਈ ਸਮਾਜਿਕ ਢਾਂਚਾ ਤੇ ਮਾਨੁਸ-ਵਿਅਕਤੀ ਲੋੜਦੇ ਹਨ। ਆਚਰਣਿਕ ਉਸਾਰੀ ਇਕ ਸਿਖਲਾਈ ਹੈ, ਸਿਖਣ ਲਗਿਆਂ ਭੁਲਾਂ ਵੀ ਹੁੰਦੀਆਂ ਹਨ। ਭੁਲੇਖਾ



www.AKJ.Org

ਜਾਂ ਭਰਮ ਅਧੂਰੀ ਸੂਝ ਅਥਵਾ ਅਪੂਰਨ ਕਮਾਈ ਦੁਆਰਾ ਹੀ ਉਪਜਦਾ ਹੈ ਤੇ ਇਹ ਪੁਰਖੀ ਤੇ ਸਮਾਜਿਕ ਜੀਵਨ ਵਿਚ ਤਰੁਟੀਆਂ ਦੇ ਰੂਪ ਵਿਚ ਵੇਖਣ ਵਿਚ ਆਉਂਦਾ ਹੈ। ਇਸ ਵਿਚਾਰ ਦੇ ਅਧੀਨ ਪੂਰਨਤਾ ਦੇ ਨਾਲ ਨਾਲ ਵਧਦੀ ਹੋਈ ਅਪੂਰਨਤਾ ਸ਼ੁਧ ਰਚਨਾ ਪਸਾਰੇ ਨੂੰ ਅਸੁਧ ਤੇ ਅਪੂਰਨ ਨਹੀਂ ਬਣਾ ਸਕਦੀ। ਆਰੰਭ ਕਾਲ ਵਿਚ ਤਰੁਟੀ ਦੀ ਹੋਂਦ ਵਿਕਾਸਵਾਦ ਦੇ ਅਨਕੂਲ ਹੈ। ਇਸੀ ਵਿਚਾਰ ਲੜੀ ਵਿਚ ਜੁੜਿਆਂ ਹਉਮੈ ਨਿਵਿਰਤ ਹੁੰਦੀ ਹੈ। ਜਦ ਸਾਰੇ ਜੀਵ ਇਕੋ ਹੀ ਲੜੀ ਵਿਚ ਪ੍ਰੋਤੇ ਹੋਏ ਵਿਸ਼ੇਸ਼ ਨਿਯਮਾਂ ਦੇ ਅਧੀਨ ਜੀਵਨ ਉਸਾਰੀ ਵਿਚ ਰੁਝੇ ਹਨ ਤਾਂ ਆਪਣੀ ਸਫਲਤਾ ਤੇ ਮਾਣ ਤੇ ਦੂਜਿਆਂ ਦੀ ਅਸਫਲਤਾ ਤੇ ਹਾਸਾ ਕਿਵੇਂ ਬਣ ਆਉਂਦਾ ਹੈ? ਵਿਸ਼ੇਸ਼ ਕਰਕੇ ਜਦੋਂ ਆਚਰਣਿਕ ਉਸਾਰੀ ਦਾ ਅਖਾੜਾ ਇਤਨਾ ਵਿਸ਼ਾਲ ਹੋਵੇ ਤੇ ਸਮੇਂ ਦੀ ਵਿਥ ਵੀ ਏਹੋ ਜੇਹੀ ਅਣ-ਮੁਕ ਹੋਵੇ।

ਰਚਨਾ-ਪਸਾਰਾ ਨਿਰਗੁਣ ਬ੍ਰਹਮ ਦਾ ਦੇਸ ਅਤੇ ਕਾਲ ਵਿਚ ਖਿਲਾਰਾ ਹੈ। ਇਸ ਵਿਚ ਬ੍ਰਹਮ ਦੇ ਨਿਰਗੁਣੀ ਅਵਸਥਾ ਵਾਲੇ ਲੁਪਤ ਗੁਣ ਪ੍ਰਗਟਦੇ ਹਨ। ਤਾਂਤੇ ਇਹ ਕਿਵੇਂ ਹੋ ਸਕਦਾ ਹੈ ਕਿ ਸਚੇ ਬ੍ਰਹਮ ਤੋਂ ਉਪਜੀ ਰਚਨਾ ਮਿਥਿਆ ਹੋਵੇ? ਪਰੰਤੂ ਰਚਨਾ ਵਿਚ ਸਮੇਂ ਤੇ ਦੇਸ ਦੇ ਪ੍ਰਭਾਵ ਹੇਠ ਪਰਿਵਰਤਨ ਆਉਣਾ ਅਵਸ਼ ਹੈ। ਸ੍ਰਿਸ਼ਟੀ ਵਿਚ ਮਾਨੁਸੀ-ਜੀਵਨ ਸਫਲਤਾ ਤੋਂ ਉਚਾ ਆਦ੍ਰਸ਼ ਹੈ। ਇਹ ਆਦ੍ਰਸ਼ ਸਰਗੁਣੀ ਅਵਸਥਾ ਦੀ ਸਫਲਤਾ ਦੁਆਰਾ ਹੀ ਸਿਰੇ ਚੜ੍ਹ ਸਕਦਾ ਹੈ। ਕਈ ਪੁਰਸ਼ ਸੰਸਾਰੀ ਪਦਾਰਥਾਂ ਦੇ ਤਿਆਗ ਨੂੰ ਹੀ ਉਚ ਰਹਿਣੀ ਮੰਨ ਬੈਠੇ ਹਨ। ਇਸ ਪੱਖ ਦੇ ਅਧੀਨ ਮਾਨੁਖੀ ਜੀਵਨ ਵਿਚ ਆਲਸ, ਦਲਿਦਰ, ਕਾਇਰਤਾ, ਨਿਜ-ਸੁਆਰਥ ਆਦਿਕ ਅਵਗੁਣ ਹੀ ਉਤਪੰਨ ਹੁੰਦੇ ਹਨ ਤੇ ਨਿਰਗੁਣ ਬ੍ਰਹਮ ਦੀ ਸੂਝ ਦੀ ਸੰਭਾਵਨਾ ਨਹੀਂ ਹੁੰਦੀ। ਨਿਰਸੰਦੇਹ ਜੀਵਨ ਵਿਚ ਉਤਸ਼ਾਹ, ਉਦਮ, ਸਿਦਕ ਤੇ ਭਰੋਸਾ ਉਪਜਾਉਣ ਨਾਲ ਹੀ ਸਫਲਤਾ ਹੋ ਸਕਦੀ ਹੈ। ਇਹ ਉਚ ਗੁਣ ਪਰ ਉਪਕਾਰ ਨਾਲ ਕੀਤੀ ਘਾਲ ਦੁਆਰਾ ਹੀ ਉਪਜ ਸਕਦੇ ਹਨ।

ਆਪੇ ਦੀ ਬਣੀ ਹੋਈ ਕਰੜੀ ਗੰਢ ਪ੍ਰੇਮ ਤੇ ਸੇਵਾ ਦੁਆਰਾ ਦਲਣੀ ਲੋੜੀਦੀ ਹੈ। ਜਦੋਂ ਸਰਬਤ ਦੇ ਭਲੇ ਹਿਤ ਕੀਤੀ ਘਾਲ ਦੁਆਰਾ ਆਪਾ ਸ਼ੁਧ ਹੋ ਕੇ ਸਮੂਹ ਮਾਨੁਸਤਾ ਵਿਚ ਲੀਨ ਹੋ ਜਾਂਦਾ ਹੈ, ਉਦੋਂ ਇਸਨੂੰ ਵਿਆਪਕ ਬ੍ਰਹਮ ਨਾਲ ਅਭੇਦਤਾ ਦਾ ਰਸ ਪ੍ਰਾਪਤ ਹੁੰਦਾ ਹੈ।

ਦੇਸ ਅਤੇ ਕਾਲ ਦੇ ਪ੍ਰਭਾਵ ਹੇਠ ਮਾਨੁਸੀ ਜੀਵਨ ਵਿਚ ਕਈ ਉਤਰਾਉ ਤੇ ਚੜ੍ਹਾਉ ਆਉਂਦੇ ਰਹਿੰਦੇ ਹਨ, ਜਿਸ ਕਰਕੇ ਜੀਵਨ-ਉਸਾਰੀ ਨਿਰ-ਵਿਘਨ ਰਹਿਣੀ ਅਸੰਭਵ ਹੈ। ਕਦੇ ਮਾਇਕ ਪਦਾਰਥਾਂ ਦੀ ਥੁੜ ਦੀ ਤਪਸ਼ ਆਚਰਣ ਦੇ ਬੂਟ ਨੂੰ ਸਾੜ ਦਿੰਦੀ ਹੈ ਤੇ ਕਦੇ ਮਾਇਕ ਐਸ਼੍ਵਰਜ ਦੀ ਬਹੁਲਤਾ ਦਾ ਹੜ੍ਹ ਇਸ ਪੌਦੇ ਨੂੰ ਜੜੋਂ ਹੀ ਉਖੇੜ ਛਡਦਾ ਹੈ। ਇਨ੍ਹਾਂ ਦੋਹਾਂ ਅਵਸਥਾਵਾਂ ਵਿਚ ਆਤਮਿਕ ਉਨਤੀ ਦੀ ਸੰਭਾਵਨਾ ਨਹੀਂ ਹੈ। ਮਾਇਕ ਪਦਾਰਥਾਂ ਨੂੰ ਭੋਗ ਦੀ ਰੁਚੀ ਦੀ ਥਾਂ ਸੇਵਾ ਭਾਵ ਲਈ ਗ੍ਰਹਿਣ ਤੇ ਇਕੱਤ੍ਰ ਕਰਨ ਨਾਲ ਹੀ ਇਹ ਤਰੁਟੀ ਦੂਰ ਹੁੰਦੀ ਹੈ।

ਅਜ ਦਾ ਵਿਗਿਆਨਕ ਖੋਜ ਦੇ ਪ੍ਰਭਾਵ ਵਾਲਾ ਸਮਾਂ ਹੈ। ਵਿਗਿਆਨਿਕ ਉਨਤੀ ਦੇ ਕਾਰਨ ਦੇਸ ਦੀ ਵਿਥ ਘਟ ਗਈ ਹੈ, ਜਿਸ ਨਾਲ ਸਮੂਹ ਸੰਸਾਰ ਦੇ ਜੀਵਾਂ ਦਾ ਪਰਸਪਰ ਮਿਲਾਪ ਸੁਖੱਲਾ ਹੋ ਗਿਆ ਹੈ। ਇਸ ਨਿਸ਼-ਕਸ਼ਟ ਮੇਲ ਮਿਲਾਪ ਦੇ ਕਾਰਨ ਪੁਰਸ਼ਾਂ ਦੇ ਪਰਸਪਰ ਪ੍ਰਭਾਵ ਵਿਚ ਨਿਰ-ਸੰਦੇਹ ਵਾਧਾ ਹੋਇਆ ਹੈ। ਹਰਿਕ ਗਲ ਦਲੀਲ ਦੀ ਕਸਵਟੀ ਉਤੇ ਪਰਖੀ ਜਾ ਕੇ ਹੀ ਪ੍ਰਮਾਣੀਕ ਮੰਨੀ ਜਾਂਦੀ ਹੈ। ਇਸ ਵਤੀਰੇ ਦਾ ਜੀਵਨ ਦੇ ਹਰ ਇਕ ਅੰਗ ਉਤੇ ਗੂੜ੍ਹਾ ਪ੍ਰਭਾਵ ਪਿਆ ਹੈ। ਪੁਰਖੀ ਜੀਵਨ ਵਿਚ ਸਮਝ ਦੀ ਪਰਬਲਤਾ ਦੇ ਕਾਰਨ ਸ਼ਰਧਾ ਲਈ ਘਟ ਹੀ ਥਾਂ ਹੈ। ਧਾਰਮਿਕ ਗ੍ਰੰਥਾਂ ਤੇ ਨਿਯਮਾਂ ਦੀ ਮਾਨਤਾ ਹੀ ਘਟ ਗਈ ਹੈ। ਅਧੂਰੇ ਗਿਆਨ ਨੇ ਵਿਗਿਆਨ ਤੇ ਧਰਮ ਵਿਚ ਵਿਰੋਧੀ ਭਾਵ ਉਪਜਾ ਦਿਤੇ ਹਨ। ਧਾਰਮਿਕ ਜੀਵਨ ਇਕ ਅਨੋਖਾ ਤੇ ਓਪਰਾ ਜੇਹਾ ਦ੍ਰਿਸ਼ ਜਾਪਣ ਲਗ ਪਿਆ ਹੈ। ਜੀਵਨ ਅਸ਼ਰਧਕ ਹੋ ਜਾਣ ਦੇ ਕਾਰਨ ਧਾਰਮਿਕ ਭਾਵਾਂ ਤੇ ਵਿਚਾਰਾਂ ਨੂੰ ਬੇਤੁਕੀ



www.AKJ.Org

ਵੂਰਚਾਂ ਦਾ ਟਾਕਰਾ ਕਰਨਾ ਪੈਂਦਾ ਹੈ। ਮਨ ਦੇ ਅਮੋੜ ਵੇਗਾਂ ਵਾਲੇ ਪੁਰਸ਼ ਪ੍ਰਲੋਕਿਕ ਡੰਡ ਦੇ ਡਰਾਵੇ ਦਾ ਹਾਸਾ ਉਡਾਂਦੇ ਹਨ ਤੇ ਉਹਨਾਂ ਦੇ ਅਸ਼ਰਧਕ ਹਿਰਦਿਆਂ ਵਿਚੋਂ ਰਬੀ-ਭੈ ਵਾਲੇ ਜੀਵਨ ਦਾ ਸਨਮਾਨ ਨਿਕਲ ਚੁਕਿਆ ਹੈ। ਇਸ ਨਿਘਰੀ ਹੋਈ ਦਸ਼ਾ ਵਿਚ ਕੇਵਲ ਨਾਸਤਕਤਾ ਦਾ ਪ੍ਰਭਾਵ ਤੇ ਪ੍ਰਚਾਰ ਹੀ ਵਧ ਰਿਹਾ ਹੈ।

ਇਸ ਦਸ਼ਾ ਦੇ ਪ੍ਰਚਲਤ ਹੋਣ ਦਾ ਵਡਾ ਕਾਰਨ ਇਹ ਹੈ ਕਿ ਧਰਮ ਨੂੰ ਕੇਵਲ ਪ੍ਰਲੋਕਿਕ ਸਫਲਤਾ ਦਾ ਹੀ ਸਾਧਨ ਮੰਨ ਲਿਆ ਗਿਆ ਹੈ ਤੇ ਇਸਦੇ ਪ੍ਰਭਾਵ ਨੂੰ ਇਸ ਲੋਕ ਦੀ ਸਫਲਤਾ ਦੇ ਵਿਰੁਧ ਦਰਸਾਇਆ ਗਿਆ ਹੈ। ਇਸ ਭਰਮ ਦੇ ਕਾਰਨ ਜੀਵਨ ਤੇ ਧਰਮ ਦੁ-ਫਾੜੇ ਬਣ ਗਏ ਹਨ ਤੇ ਧਰਮ ਲਈ ਲੋਕਾਂ ਦੇ ਹਿਰਦਿਆਂ ਵਿਚ ਰੁਚੀ ਹੀ ਨਹੀਂ ਉਪਜਦੀ।

ਸਿਖ ਇਤਿਹਾਸ ਵਲ ਦ੍ਰਿਸਟੀ ਫੇਰਿਆਂ ਸੂਝ ਪੈਂਦੀ ਹੈ ਕਿ ਇਹ ਧਰਮੀ-ਜੋਧੇ ਹੀ ਸਨ, ਜਿਨ੍ਹਾਂ ਦੀ ਸਹਨਸ਼ੀਲਤਾ, ਅਡੋਲਤਾ, ਨਿਸ਼ਕਾਮ ਘਾਲ ਤੇ ਆਪਾ ਨਿਵਿਰਤੀ ਨੇ ਬਲਹੀਨ ਤੇ ਨਿਹਥੇ ਦੇਸ ਉਤੇ ਕੀਤੇ ਜਾਂਦੇ ਨਿਰਦਈ ਹਲਿਆਂ ਨੂੰ ਠੱਲ੍ਹਿਆ ਸੀ। ਉਦੋਂ ਗੁਰਮਤ ਦੇ ਦ੍ਰਿੜ੍ਹਾਏ ਹੋਏ ਜੀਵਨ ਦੇ ਲੋਕਿਕ ਤੇ ਪ੍ਰਲੋਕਿਕ ਅੰਗਾਂ ਦੀ ਸੁਧ ਸੂਝ ਦੀ ਮਰਯਾਦਾ ਅਖੰਡ ਰੂਪ ਵਿਚ ਪਰਚਲਤ ਸੀ, ਜਿਸ ਦੁਆਰਾ ਅਨਮਤਾਂ ਦੇ ਪ੍ਰਚਾਰੇ ਹੋਏ ਭਰਮ ਪ੍ਰਭਾਵ-ਹੀਨ ਸਨ। ਪਰੰਤੂ ਰਾਜਸੀ ਸੁਤੰਤ੍ਰਤਾ ਖੁੰਝ ਜਾਣ ਦੇ ਕਾਰਨ ਪੰਥ ਵਿਚੋਂ ਗੁਰਮਤ ਦਾ ਸੁਧ ਸਰੂਪ ਲੋਪ ਹੋ ਗਿਆ ਤੇ ਦੀਨਤਾ ਤੇ ਅਧੀਨਤਾ ਦੇ ਘੁਪ ਹਨੇਰੇ ਵਿਚ ਜੀਵਨ-ਜਾਂਚ ਵਿਸਰ ਗਈ। ਓਪਰੀ ਸੱਭਤਾ ਦਾ ਜਾਲ ਤਣ ਗਿਆ ਤੇ ਪੰਥ ਆਦ੍ਰਸ਼ ਤੋਂ ਹੀਨ ਹੋਕੇ ਖਿਲਰ ਗਿਆ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਤੋਂ ਪਹਿਲਾਂ ਇਸ ਅਭਾਗੇ ਦੇਸ ਵਿਚ ਤਿਆਗ ਮਤ ਪ੍ਰਧਾਨ ਸੀ ਤੇ ਕਰਮ ਫਿਲਸਫੇ ਦੀ ਗੂੜ੍ਹ ਗੁੰਝਲਾਂ ਦੇ ਕਾਰਨ ਪੁਰਸ਼ ਦੀ ਕਰਮ-ਸੁਤੰਤ੍ਰਤਾ ਹੀ ਨਸ਼ਟ ਹੋ ਚੁਕੀ ਸੀ ਪਰਾਲਭਦ ਦੀ ਪਰਬਲਤਾ ਦਾ ਡਰਾਵਾ ਇਤਨਾ ਭਿਆਨਕ ਸੀ ਕਿ ਪੁਰਸ਼ ਵਿਚ ਅਪਨੇ ਵਰਤਮਾਨ ਸੰਕਟ ਕਟਣ ਦਾ ਉਦਮ ਉਤਪੰਨ ਹੀ ਨਹੀਂ ਹੁੰਦਾ ਸੀ। "ਇਸ ਜਨਮ ਦੇ ਸੁਖ ਤੇ ਦੁਖ ਪੂਰਬਲੇ ਜਨਮ ਵਿਚ ਕੀਤੇ ਕਰਮਾਂ ਦੇ ਅਨੁਸਾਰ ਹਨ ਤੇ ਜੇਕਰ ਅਗਲੇ ਜਨਮ ਵਿਚ ਸੁਖ ਲੈਣੇ ਤਾਂ ਹੁਣ ਸ਼ੁਭ ਕਰਮ ਕਰੋ" ਇਸ ਭੁਲੇਖੇ ਦੇ ਪ੍ਰਭਾਵ ਹੇਠ ਉਦਮ ਹੀਨ ਪੁਰਸ਼ ਲਤਾਂ ਤੇ ਬਾਹਾਂ ਕਟੇ ਧੜ ਵਾਂਗ ਤੜਪ ਰਹੇ ਸਨ ਤੇ ਅਪਨੀ ਬੇਵਸੀ ਨੂੰ ਚਿਤਾਰ ਚਿਤਾਰ ਕੇ ਪੂਰਬਲੇ ਕਰਮਾਂ ਉਤੇ ਦੋਸ਼ ਥਪ ਰਹੇ ਸਨ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਸੰਚਾਰੀ ਹੋਈ ਗੁਰਮਤ ਨੇ ਲੋਕ ਤੇ ਪ੍ਰਲੋਕ ਅਤੇ ਮਾਇਆ ਤੇ ਬ੍ਰਹਮ ਦੇ ਪਰਸਪਰ ਵਿਰੋਧੀ ਭਾਵਾਂ ਦਾ ਖੰਡਨ ਕਰ ਕੇ ਤੇ ਕਰਮਾਂ ਦੇ ਝੰਬੇਲਿਆਂ ਤੇ ਭੁਲੇਖਿਆਂ ਨੂੰ ਕਢ ਕੇ ਪੰਥ ਨੂੰ ਜੀਵਨ ਜਾਂਚ ਸਿਖਾਈ ਸੀ। ਪਰੰਤੂ ਸਮੇਂ ਦੀ ਨਿਰਦਇਤਾ ਦੇ ਕਾਰਨ ਉਹ ਲੜੀ ਹਥੋਂ ਨਿਕਲ ਗਈ ਹੈ। ਹੁਣ ਜੀਵਨ ਨੂੰ ਨਵੇਂ ਸਿਰਿਓਂ ਗੁਰਮਤ ਦੇ ਸਾਂਚੇ ਵਿਚ ਢਾਲਣ ਨਾਲ ਹੀ ਪੰਥਕ ਉਸਾਰੀ ਹੋ ਸਕਦੀ ਹੈ।

ਕਿੰਨੀ ਅਸਚਰਜਤਾ ਦੀ ਗਲ ਹੈ ਕਿ ਅਜ ਕਲ ਦੇ ਨਾਮ ਧਰੀਕ ਸਿਖ ਵਿਦੇਸੀ ਸਾਹਿਤ ਤੇ ਅਨਮਤਾਂ ਦੀਆਂ ਪੁਸਤਕਾਂ ਤੋਂ ਤਾਂ ਲਾਭ ਲੈਂਦੇ ਹਨ ਪਰੰਤੂ ਮਹਾਨ ਸ੍ਰੇਸਟ ਤੇ ਸਮੂਹ ਸ਼ੁਭ ਗੁਣ ਉਪਜਾਊ ਸ੍ਰੀ ਜਪੁ ਜੀ ਸਾਹਿਬ ਲਈ ਉਨ੍ਹਾਂ ਦੀ ਲੌਕਿਕ ਸਫਲਤਾ ਦੇ ਸਾਧਨਾਂ ਵਿਚ ਕੋਈ ਥਾਂ ਨਹੀਂ ਹੈ। ਇਹ ਲੇਖ ਲੜੀ ਇਸ ਥੁੜ ਦੀ ਪੂਰਤੀ ਵਿਚ ਇਕ ਤੁਛ ਜੇਹਾ ਯਤਨ ਹੈ ਜਾਂ ਲਿਖਾਰੀ ਦੀ ਆਸ ਹੈ ਕਿ ਗੁਣੀ ਜਨ ਇਸ ਲੇਖ ਵਿਚ ਅੰਕਿਤ ਵਿਚਾਰਾਂ ਨੂੰ ਗੁਰਬਾਣੀ ਦੇ ਆਸੇ ਨਾਲ ਮੇਲ ਕੇ ਗੁਰਮਤ ਦਾ ਸਿਧਾਂਤਿਕ ਰੂਪ ਲਭਣ ਦਾ ਯਤਨ ਕਰਨਗੇ।

*
* *


www.AKJ.Org

# ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ

(ਪ੍ਰੋ: ਸਾਹਿਬ ਸਿੰਘ ਜੀ, ਬੀ. ਏ.)

ਇਹ ਇਕ ਅਜੇਹੀ ਹਸਤੀ ਦੀ ਜੀਵਨ ਕਥਾ ਹੈ ਜਿਸ ਨੇ ਸਾਰੇ ਪਰਾਂਤ ਅਤੇ ਦੇਸ਼ ਵਿਚ ਉਹ ਪ੍ਰਸਿਧਤਾ ਪ੍ਰਾਪਤ ਕੀਤੀ ਜੋ ਕਿਸੇ ਹੋਰ ਪੰਜਾਬੀ ਦੇ ਹਿਸੇ ਵਿਚ ਘਟ ਹੀ ਆਈ ਹੈ। ਇਸ ਮਹਾਨ ਹਸਤੀ ਦਾ ਨਾਮ ਮਹਾਰਾਜਾ ਰਣਜੀਤ ਸਿੰਘ ਹੈ। ਇਸ ਨੇ ਆਪਣੀ ਹਿੰਮਤ ਤੇ ਲਿਆਕਤ ਦੇ ਸਦਕੇ ਇਕ ਬਲਵਾਨ ਪੰਜਾਬੀ ਸਾਮਰਾਜ ਸਥਾਪਤ ਕੀਤਾ, ਜਿਸ ਵਿਚ ਕਿਸੇ ਪਰਕਾਰ ਦੇ ਸੰਪ੍ਰਦਾਇਕ ਮਤ ਭੇਦ ਅਤੇ ਈਰਖਾ ਤੇ ਵਿਰੋਧ ਤੋਂ ਕੰਮ ਨਹੀਂ ਲਿਆ ਜਾਂਦਾ ਸੀ। ਇਸ ਨੀਤੀ ਦੇ ਕਾਰਨ ਹੀ ਪੰਜਾਬ ਦੇ ਸਿਖ, ਹਿੰਦੂ ਤੇ ਮੁਸਲਮਾਨ ਇਕ ਮੁਠ ਹੋ ਕੇ ਮਹਾਰਾਜਾ ਰਣਜੀਤ ਸਿੰਘ ਦੇ ਹਮਾਇਤੀ ਬਣ ਗਏ। ਪਰਜਾ ਇਸ ਮਹਾਰਾਜੇ ਨੂੰ ਆਪਣੇ ਪਿਤਾ ਸਮਾਨ ਸਮਝਦੀ ਸੀ। ਹਿੰਦ ਦੇ ਇਤਿਹਾਸ ਵਿਚ ਕੇਵਲ ਮੁਗਲ ਸਮਰਾਟ ਅਕਬਰ ਹੀ ਅਜਿਹਾ ਹੋਇਆ ਹੈ ਜਿਸ ਵਿਚ ਮਹਾਰਾਜਾ ਰਣਜੀਤ ਸਿੰਘ ਵਰਗੇ ਗੁਣ ਅਤੇ ਲਛਣ ਸਨ। ਮਹਾਰਾਜੇ ਦੇ ਨਿਆਂ ਅਤੇ ਧਾਰਮਿਕ ਖੁਲ ਦਿਲੀ ਦੀਆਂ ਸਾਖੀਆਂ ਦੂਰ ਦੂਰ ਦੇਸ਼ਾਂ ਵਿਚ ਪਰਚਲਤ ਸਨ। ਇਹੋ ਕਾਰਣ ਸੀ ਕਿ ਮਹਾਰਾਜੇ ਦੀ ਮੌਤ ਪਿਛੋਂ ਵੀ ਪੰਜਾਬ ਦੇ ਹਿੰਦੂ, ਮੁਸਲਮਾਨ ਤੇ ਸਿਖਾਂ ਨੇ ਮਿਲ ਕੇ ਅੰਗਰੇਜ਼ ਦੁਸ਼ਮਣਾਂ ਨਾਲ ਉਹ ਟਕਰਾਂ ਲਈਆਂ ਜਿਨ੍ਹਾਂ ਨੇ ਭਾਰਤ ਵਿਚੋਂ ਬਰਤਾਨਵੀ ਨੀਂਹ ਨੂੰ ਮੁੱਢ ਤੋਂ ਹੀ ਹਿਲਾ ਦਿਤਾ। ਅਸਾਂ ਸੰਸਾਰ ਦੇ ਪਰਸਿਧ ਪੁਰਸ਼ਾਂ ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਇਸ ਲਈ ਸ਼ਾਮਲ ਨਹੀਂ ਕੀਤਾ ਕਿ ਉਸ ਦਾ ਰਾਜ ਵਿਸ਼ਾਲ ਸੀ। ਸਗੋਂ ਉਸ ਨੂੰ ਇਸ ਲਈ ਸ਼ਾਮਲ ਕੀਤਾ ਹੈ ਕਿ ਸੰਸਾਰ ਵਿਚ ਉਸ ਵਰਗੇ ਬਹੁਤ ਘਟ ਬਾਦਸ਼ਾਹ ਹੋਏ ਹਨ ਜਿਨ੍ਹਾਂ ਨੇ ਨਿਰਪਖ ਹੋ ਕੇ ਇਨਸਾਫ ਅਤੇ ਧਾਰਮਿਕ ਖੁਲਦਿਲੀ ਤੋਂ ਕੰਮ ਲਿਆ ਹੋਵੇ।

ਨਾਦਰਸ਼ਾਹ ਅਤੇ ਅਹਿਮਦ ਸ਼ਾਹ ਦੇ ਹਮਲਿਆਂ ਦੇ ਕਾਰਨ ਪੰਜਾਬ ਵਿਚ ਅਸ਼ਾਂਤੀ ਤੇ ਨਿਰਾਸਤਾ ਦਾ ਦੌਰ ਦੌਰਾ ਸੀ। ਇਸ ਸਮੇਂ ਸਿਖ ਛੋਟੇ ਛੋਟੇ ਜਥੇ ਬਣਾ ਕੇ ਇਥੋਂ ਦੇ ਹਾਕਮਾਂ ਦੇ ਨਾਲ ਲੜਨ ਲਗ ਪਏ ਸਨ। ਕੋਈ ਤੀਹ ਸਾਲ ਦੇ ਸੰਖੇਪ ਸਮੇਂ ਵਿਚ ਸਿਖ ਸਰਦਾਰਾਂ ਨੇ ਪੰਜਾਬ ਦੇ ਵਖੋ ਵਖ ਇਲਾਕਿਆਂ ਵਿਚ ਛੋਟੀਆਂ ਛੋਟੀਆਂ ਰਿਆਸਤਾਂ ਸਥਾਪਤ ਕਰ ਲਈਆਂ ਸਨ! ਅਤੇ ਬਹੁਤ ਕਰਕੇ ਇਹ ਆਪੋ ਵਿਚ ਲੜਦੀਆਂ ਰਹਿੰਦੀਆਂ ਸਨ। ੧੭੬੪ ਤੋਂ ੧੭੯੯ ਤਕ ਪੰਜਾਬ ਵਿਚ ਸਿਖ ਮਿਸਲਾਂ ਦਾ ਰਾਜ ਸੀ।

ਸ਼ੁੱਕਰ ਚਕੀਆ ਮਿਸਲ ਦੇ ਸਰਦਾਰ ਚੜਤ ਸਿੰਘ ਨੇ ਗੁਜਰਾਂ ਵਾਲੇ ਦੇ ਨੇੜੇ ਤੇ ਦੁਆਲੇ ਆਪਣੀ ਹਕੂਮਤ ਸਥਾਪਤ ਕਰ ਲਈ ਸੀ। ੧੭੭੪ ਵਿਚ ਉਸ ਦੀ ਮੌਤ ਪਿਛੋਂ ਉਸ ਦਾ ਪੁਤਰ ਮਹਾਂ ਸਿੰਘ ਗੱਦੀ ਤੇ ਬੈਠਾ। ਉਸ ਨੇ ਆਪਣੀ ਰਿਆਸਤ ਨੂੰ ਵਧਾਇਆ ਤੇ ਵਧੇਰੇ ਬਲ ਇਕੱਤਰ ਕਰ ਲਿਆ। ਉਸ ਦੇ ਘਰ ੨ ਨਵੰਬਰ ੧੭੮੦ ਦੇ ਦਿਹਾੜੇ ਮਹਾਰਾਜਾ ਰਣਜੀਤ ਸਿੰਘ ਗੁਜਰਾਂਵਾਲੇ ਵਿਚ ਪੈਦਾ ਹੋਇਆ। ਅਜੇ ਉਸਦੀ ਉਮਰ ੧੨ ਸਾਲ ਦੀ ਹੀ ਸੀ ਕਿ ਸ: ਮਹਾਂ ਸਿੰਘ ਚੜਾਈ ਕਰ ਗਿਆ ਅਤੇ ਰਿਆਸਤ ਦਾ ਸਾਰਾ ਬੋਝ ਰਣਜੀਤ ਸਿੰਘ ਦੇ ਸਿਰ ਉਤੇ ਆ



www.AKJ.Org

ਪਿਆ। ਰਣਜੀਤ ਸਿੰਘ ਅਕਬਰ, ਸ਼ਿਵਾ ਜੀ, ਹੈਦਰ ਅਲੀ ਵਾਂਗ ਵਿਦਿਆ ਤੋਂ ਬਿਲਕੁਲ ਕੋਰਾ ਰਿਹਾ। ਪਰੰਤੂ ਘੋੜ ਸਵਾਰੀ; ਤਲਵਾਰ ਚਲਾਣਾ ਅਤੇ ਨਿਸ਼ਾਨਾ ਫੁੰਡਣ ਵਿਚ ਉਸ ਨੇ ਛੋਟੀ ਅਵਸਥਾ ਵਿਚ ਹੀ ਨਿਪੁੰਨਤਾ ਪਰਾਪਤ ਕਰ ਲਈ। ਉਹ ਹਰ ਸਮੇਂ ਵਡੇ ਤੋਂ ਵਡੇ ਖਤਰੇ ਦਾ ਟਾਕਰਾ ਕਰਨ ਲਈ ਤਿਆਰ ਰਹਿੰਦਾ ਸੀ। ਰਣਜੀਤ ਸਿੰਘ ਭਾਵੇਂ ਅਨਪੜ੍ਹ ਸੀ, ਪਰੰਤੂ ਉਸ ਦੇ ਦਿਲ ਵਿਚ ਵਿਦਿਆ ਅਤੇ ਵਿਦਵਾਨਾਂ ਲਈ ਬਹੁਤ ਕਦਰ ਸੀ, ਉਸ ਦੇ ਦਰਬਾਰ ਵਿਚ ਕਈ ਉਘੇ ਵਿਦਵਾਨ ਰਹਿੰਦੇ ਸਨ। ਪੱਛਮੀ ਯਾਤਰੂਆਂ ਨੇ ਲਿਖਿਆ ਹੈ ਕਿ ਸੰਸਾਰ ਦੇ ਇਤਿਹਾਸ ਵਿਚ ਮਹਾਰਾਜਾ ਰਣਜੀਤ ਸਿੰਘ ਜਿਹੇ ਤੀਖਨ ਬੁਧੀ ਵਾਲੇ ਬਹੁਤ ਘੱਟ ਬਾਦਸ਼ਾਹ ਹੋਏ ਹਨ। ਮਹਾਰਾਜੇ ਨੂੰ ਵਿਦਵਾਨਾਂ ਦੀਆਂ ਗਲਾਂ ਸੁਣਨ ਅਤੇ ਹੋਰਨਾਂ ਦੇਸਾਂ ਦੇ ਸਮਾਚਾਰ ਸੁਣਨ ਦਾ ਸ਼ੌਕ ਸੀ। ਜਦ ਕਦੀ ਕੋਈ ਬਿਦੇਸ਼ੀ ਯਾਤਰੂ ਉਸ ਦੇ ਦਰਬਾਰ ਵਿਚ ਆਉਂਦਾ ਸੀ ਤਾਂ ਉਸ ਪਾਸੋਂ ਉਹ ਹਰ ਪ੍ਰਕਾਰ ਦੀ ਪੁਛ ਗਿਛ ਕਰਦਾ ਸੀ।

ਆਪਣੇ ਪਿਤਾ ਦੀ ਮੌਤ ਸਮੇਂ ਰਣਜੀਤ ਸਿੰਘ ਕੇਵਲ ੧੨ ਸਾਲ ਦਾ ਬਾਲਕ ਸੀ ਅਤੇ ਹਰ ਪਾਸੇ ਉਸ ਦੇ ਦੁਸ਼ਮਣ ਹੀ ਦੁਸ਼ਮਣ ਨਜ਼ਰ ਆਉਂਦੇ ਹਨ। ਪਰੰਤੂ ਮਹਾਰਾਜੇ ਨੇ ਆਪਣੀ ਹਿੰਮਤ ਅਤੇ ਹਿਮਾਇਤੀਆਂ ਦੀ ਸਿਆਣਪ ਨਾਲ ਆਪਣੀ ਰਿਆਸਤ ਨੂੰ ਕਾਬੂ ਵਿਚ ਰਖਿਆ ਅਤੇ ਦੁਸ਼ਮਣਾਂ ਨੂੰ ਸਿਰ ਨਾ ਚੁਕਣ ਦਿਤਾ।

ਉਸ ਸਮੇਂ ਦੇ ਰਵਾਜਾਂ ਅਨੁਸਾਰ ਰਣਜੀਤ ਸਿੰਘ ਨੇ ਘਨਈਆ ਮਿਸਲ ਦੇ ਸਰਦਾਰ ਗੁਰਬਖਸ਼ ਸਿੰਘ ਦੀ ਲੜਕੀ ਨਾਲ ਸ਼ਾਦੀ ਕਰਵਾ ਲਈ। ਇਸ ਤਰ੍ਹਾਂ ਸ਼ੁਕਰ ਚਕੀਆ ਮਿਸਲ ਅਤੇ ਘੱਨਈਆ ਮਿਸਲ ਦਾ ਮੇਲ ਮਿਲਾਪ ਹੋ ਜਾਣ ਨਾਲ ਰਣਜੀਤ ਸਿੰਘ ਦੀ ਤਾਕਤ ਵਿਚ ਬਹੁਤ ਵਾਧਾ ਹੋ ਗਿਆ।

ਸੰਨ ੧੭੯੯ ਵਿਚ ਜਦ ਰਣਜੀਤ ਸਿੰਘ ੧੯ ਵਰਿਆਂ ਦਾ ਸੀ, ਤਾਂ ਉਸ ਨੇ ਅਫਗਾਨਿਸਤਾਨ ਦੇ ਅਮੀਰ ਸ਼ਾਹ ਜ਼ਮਾਨ ਦੀਆਂ ਕੁਝ ਤੋਪਾਂ, ਜੋ ਝਨਾਂ ਨਦੀ ਵਿਚ ਹੜ ਆਣ ਦੇ ਕਾਰਨ ਪਿਛੇ ਰਹਿ ਗਈਆਂ ਸਨ, ਕਢਵਾ ਕੇ ਭੇਜ ਦਿਤੀਆਂ। ਸ਼ਾਹ ਜ਼ਮਾਨ ਨੇ ਪ੍ਰਸੰਨ ਹੋ ਕੇ ਰਣਜੀਤ ਸਿੰਘ ਨੂੰ ਲਾਹੌਰ ਦਾ ਹਾਕਮ ਬਣਾ ਦਿਤਾ। ਪਰ ਲਾਹੌਰ ਵਿਚ ਸ਼ਾਹ ਜ਼ਮਾਨ ਦਾ ਕੁਝ ਜ਼ੋਰ ਨਹੀਂ ਸੀ ਅਤੇ ਇਹ ਇਸ ਸਮੇਂ ਭੰਗੀ ਮਿਸਲ ਦੇ ਸਰਦਾਰਾਂ ਦੇ ਅਧੀਨ ਸੀ। ਇਸ ਲਈ ਰਣਜੀਤ ਸਿੰਘ ਲਈ ਲਾਹੌਰ ਉਤੇ ਕਬਜ਼ਾ ਕਰਨਾ ਇਕ ਕਠਨ ਕੰਮ ਸੀ। ਉਸ ਨੇ ਯੋਗ ਤਿਆਰੀ ਪਿਛੋਂ ਲਾਹੌਰ ਤੇ ਚੜ੍ਹਾਈ ਕਰ ਦਿਤੀ ਅਤੇ ਉਥੋਂ ਦੇ ਵਸਨੀਕਾਂ ਨੇ ਸ਼ਹਿਰ ਦੇ ਦਰਵਾਜ਼ੇ ਖੋਲ੍ਹ ਕੇ ਉਸ ਨੂੰ ਜੀ ਆਇਆਂ ਆਖਿਆ। ਰਣਜੀਤ ਸਿੰਘ ਨੇ ਇਕ ਮੁਸਲਮਾਨ ਪਤਵੰਤੇ ਨੂੰ ਲਾਹੌਰ ਦਾ ਕੋਤਵਾਲ ਬਣਾ ਦਿਤਾ ਅਤੇ ਸ਼ਹਿਰ ਦੇ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹਨਾਂ ਦੇ ਜਾਨ ਮਾਲ ਦੀ ਯੋਗ ਰਖਿਆ ਕੀਤੀ ਜਾਵੇਗੀ।

ਰਣਜੀਤ ਸਿੰਘ ਨੂੰ ਪਤਾ ਸੀ ਕਿ ਹਾਲਾਂ ਪੰਜਾਬ ਵਿਚ ਕਈ ਬਲਵਾਨ ਰਿਆਸਤਾਂ ਹਨ ਜਿਨ੍ਹਾਂ ਦੇ ਹੁੰਦਿਆਂ ਹੋਇਆਂ ਉਸ ਦੀ ਆਪਣੀ ਰਿਆਸਤ ਬਹੁਤ ਉਨਤੀ ਨਹੀਂ ਕਰ ਸਕਦੀ। ਇਸ ਲਈ ਉਸ ਨੇ ਇਕ ਸੋਚੀ ਸਮਝੀ ਯੋਜਨਾ ਅਨੁਸਾਰ ਬਹੁਤ ਸਾਰੇ ਸਰਦਾਰਾਂ ਅਤੇ ਨਵਾਬਾਂ ਨੂੰ ਆਪਣੇ ਅਧੀਨ ਕਰ ਲਿਆ। ੧੮੦੨ ਵਿਚ ਰਣਜੀਤ ਸਿੰਘ ਨੇ ਭੰਗੀ ਮਿਸਲ ਦੇ ਇਲਾਕਾ ਅੰਮ੍ਰਿਤਸਰ ਉਤੇ ਕਬਜ਼ਾ ਕਰ ਲਿਆ। ਭੰਗੀਆਂ ਦੀ ਤੋਪ ਜੋ ਲਾਹੌਰ ਅਜਾਇਬ ਘਰ ਅਗੇ ਪਈ ਹੈ। ਇਸ ਮਿਸਲ ਦੇ ਕਬਜ਼ੇ ਵਿਚ ਸੀ।

੧੮੦੫ ਵਿਚ ਪਰਸਿਧ ਮਰਹਟਾ ਸਰਦਾਰ ਮਲਹਾਰ ਰਾਉ ਹੋਲਕਰ ਅੰਗਰੇਜ਼ਾਂ ਤੋਂ ਹਾਰ ਖਾ



www.AKJ.Org

ਕੇ ਪੰਜਾਬ ਵਿਚ ਆ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਵਿਚ ਪੈ ਕੇ ਉਸ ਦਾ ਕੰਪਨੀ ਨਾਲ ਸਮਝੌਤਾ ਕਰਾ ਦਿਤਾ। ਮਹਾਰਾਜਾ ਰਣਜੀਤ ਸਿੰਘ ਸਤਿਲੁਜ ਨਦੀ ਨੂੰ ਪਾਰ ਕਰਕੇ ਜਮਨਾ ਨਦੀ ਤਕ ਦੇ ਸਾਰੇ ਵਿਚਕਾਰਲੇ ਇਲਾਕੇ ਪਰ ਕਬਜ਼ਾ ਕਰਨਾ ਚਾਹੁੰਦਾ ਸੀ। ਇਹ ਉਸ ਦੀ ਇਕ ਯੋਗ ਤੇ ਕੁਦਰਤੀ ਚਾਹ ਸੀ ਕਿਉਂਕਿ ਸਤਲੁਜ ਨਦੀ ਦੇ ਦਖਣ ਵਲ ਦਾ ਇਲਾਕਾ ਸਿਖ ਸਰਦਾਰਾਂ ਦਾ ਇਲਾਕਾ ਸੀ। ਪਰੰਤੂ ਕੰਪਨੀ ਦੀ ਹਕੂਮਤ ਇਹ ਨਹੀਂ ਚਾਹੁੰਦੀ ਸੀ ਕਿ ਰਣਜੀਤ ਸਿੰਘ ਜਿਹਾ ਬਲਵਾਨ ਰਾਜਾ ਉਸ ਦੀ ਸੀਮਾ ਤਕ ਪੁਜ ਜਾਵੇ। ਜਦ ਰਣਜੀਤ ਸਿੰਘ ਨੇ ਨਾਭਾ, ਪਟਿਆਲਾ ਤੇ ਜੀਂਦ ਦੇ ਰਾਜਿਆਂ ਨੂੰ ਆਪਣੇ ਅਧੀਨ ਕਰਨਾ ਚਾਹਿਆ ਤਾਂ ਉਹਨਾਂ ਡਰ ਕੇ ਗਵਰਨਰ ਜਨਰਲ ਲਾਰਡ ਮਿੰਟੋ ਤੋਂ ਸਹਾਇਤਾ ਮੰਗੀ। ਮਿੰਟੋ ਨੇ ਆਪਣੇ ਇਕ ਅੰਗਰੇਜ਼ੀ ਇਤਬਾਰੀ ਸਰ ਚਾਰਲਸ ਮੈਟਕਾਫ ਨੂੰ ਰਣਜੀਤ ਸਿੰਘ ਦੇ ਦਰਬਾਰ ਵਿਚ ਦੂਤ ਬਣਾ ਕੇ ਭੇਜਿਆ ਅਤੇ ੧੮੦੯ ਵਿਚ ਅੰਮ੍ਰਿਤਸਰ ਦੇ ਸਥਾਨ ਤੇ ਅੰਗਰੇਜ਼ਾਂ ਤੇ ਮਹਾਰਾਜਾ ਰਣਜੀਤ ਸਿੰਘ ਦੇ ਵਿਚ ਇਕ ਸੰਧੀ–ਨਾਮਾ ਹੋਇਆ, ਜਿਸ ਨੂੰ ਅੰਮ੍ਰਿਤਸਰ ਦਾ ਸੰਧੀ–ਨਾਮਾ ਆਖਦੇ ਹਨ। ਇਸ ਅਨੁਸਾਰ ਸਤਲੁਜ ਨਦੀ ਰਣਜੀਤ ਸਿੰਘ ਦੇ ਰਾਜ ਦੀ ਦਖਣੀ ਸੀਮਾ ਨੀਯਤ ਕੀਤੀ ਗਈ ਅਤੇ ਮਹਾਰਾਜੇ ਨੇ ਸਤਲੁਜ ਦਰਿਆ ਦੇ ਇਲਾਕਿਆਂ ਵਿਚ ਦਖਲ ਨਾ ਦੇਣ ਦਾ ਪ੍ਰਣ ਦਿਤਾ। ਮਹਾਰਾਜਾ ਆਪਣੇ ਅੰਤਮ ਦਿਹਾੜੇ ਤਕ ਸੰਧੀ–ਨਾਮੇ ਉਤੇ ਚਲਦਾ ਰਿਹਾ, ਪਰੰਤੂ ਉਸ ਦੀ ਮੌਤ ਤੋਂ ਥੋੜੇ ਹੀ ਦਿਨਾਂ ਪਿਛੋਂ ਅੰਗਰੇਜ਼ਾਂ ਤੇ ਸਿਖਾਂ ਵਿਚਕਾਰ ਟਕਰ ਹੋ ਗਈ।

ਰਣਜੀਤ ਸਿੰਘ ਨੇ ੧੮੧੭ ਵਿਚ ਮੁਲਤਾਨ ਫਤਹ ਕੀਤਾ ਅਤੇ ਕਈ ਸਾਲਾਂ ਦੀ ਲੜਾਈ ਉਪਰੰਤ ੧੮੨੯ ਵਿਚ ਕਸ਼ਮੀਰ ਤੇ ਵੀ ਕਬਜ਼ਾ ਕਰ ਲਿਆ। ੧੮੩੧ ਵਿਚ ਡੇਹਰਾ ਇਸਮਾਈਲ ਖਾਂ ਅਤੇ ਡੇਹਰਾ ਗ਼ਾਜ਼ੀ ਖਾਂ ਫਤਹ ਹੋ ਗਏ ਅਤੇ ੧੮੩੯ ਵਿਚ ਪਿਸ਼ਾਵਰ ਉਤੇ ਸਿਖ ਨਿਸ਼ਾਨ ਲਹਿਰਾਣ ਲਗਾ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਸ: ਹਰੀ ਸਿੰਘ ਨਲੂਏ ਨੇ ਜਮਰੌਦ ਦਾ ਕਿਲਾ ਮਲ ਲਿਆ।

੧੮੩੯ ਵਿਚ ਲਾਰਡ ਵਿਲੀਅਮ ਬੈਂਟਿੰਕ ਗਵਰਨਰ ਜਨਰਲ ਨੇ ਰੋਪੜ ਦੇ ਸਥਾਨ ਤੇ ਮਹਾਰਾਜੇ ਨਾਲ ਮੁਲਾਕਾਤ ਕੀਤੀ। ਅੰਤ ੧੮੩੯ ਵਿਚ ਮਹਾਰਾਜੇ ਦੀ ਫੌਜ ਦਾ ਕੁਝ ਹਿਸਾ ਸੁਜਾਹ ਨੂੰ ਕਾਬਲ ਦੇ ਤਖਤ ਤੇ ਬਿਠਾਣ ਲਈ ਕਾਬਲ ਵਿਚ ਪੁਜ ਗਿਆ ਅਤੇ ਇਸ ਸਮੇਂ ਜੂਨ ੧੮੩੯ ਵਿਚ ਮਹਾਰਾਜਾ ਚਲਾਣਾ ਕਰ ਗਿਆ।

ਮਹਾਰਾਜਾ ਰਣਜੀਤ ਸਿੰਘ ਨੇ ੧੮੦੦ ਤੋਂ ੧੮੩੯ ਤਕ, ਚਾਲੀ ਵਰੇ ਦੇ ਲਗ ਪਗ ਰਾਜ ਕੀਤਾ। ਉਸ ਦੇ ਮਰਨ ਨਾਲ ਪੰਜਾਬ ਦੀ ਬਜ਼ੁਰਗੀ ਦਾ ਸੂਰਜ ਵੀ ਡੁਬ ਗਿਆ। ਮਹਾਰਾਜੇ ਨੇ ਪੰਜਾਬੀਆਂ ਨੂੰ ਉਹ ਸ਼ਾਂਤੀ ਤੇ ਸੁਖ ਦਿਤਾ ਜੋ ਉਨ੍ਹਾਂ ਨੂੰ ਪਿਛਲੀਆਂ ਕਈ ਸਦੀਆਂ ਵਿਚ ਨਹੀਂ ਮਿਲਿਆ ਸੀ। ਇਹੋ ਕਾਰਨ ਹੈ ਕਿ ਮਹਾਰਾਜੇ ਦੀ ਮੌਤ ਪੁਰ ਹਰ ਇਕ ਪੰਜਾਬੀ ਦੀਆਂ ਅਖਾਂ ਵਿਚ ਹੰਝੂ ਉਤਰ ਆਏ। ਪੰਜਾਬ ਦੇ ਲੋਕ ਸਨਮਾਨ ਵਜੋਂ ਮਹਾਰਾਜੇ ਨੂੰ ਸਾਡੀ ਸਰਕਾਰ, ਕਹਿ ਕੇ ਯਾਦ ਕਰਦੇ ਸਨ। ਭਾਵੇਂ ਰਾਜੇ ਨੂੰ ਹਰ ਮੈਦਾਨ ਵਿਚ ਜਿਤ ਆਪਣੀ ਸਿਆਣਪ ਅਤੇ ਫੌਜ ਦੀ ਬਹਾਦਰੀ ਕਾਰਨ ਮਿਲੀ, ਪਰੰਤੂ ਮਹਾਰਾਜਾ ਆਪਣੀ ਹਰ ਇਕ ਜਿਤ ਨੂੰ ਪ੍ਰਮਾਤਮਾ ਦੀ ਜਿਤ ਕਹਿ ਕੇ ਆਪਣੀ ਨਿਮ੍ਰਤਾ ਦਾ ਸਬੂਤ ਦਿੰਦਾ।

ਮਹਾਰਾਜਾ ਰਣਜੀਤ ਸਿੰਘ ਕੇਵਲ ਪੰਜਾਬ ਅਤੇ ਹਿੰਦ ਵਿਚ ਹੀ ਪ੍ਰਸਿਧ ਨਹੀਂ ਸੀ। ਸਗੋਂ ਉਸ ਦੀ ਉਸਤਤ ਦੂਰ ਦੂਰ ਦੇਸ਼ਾਂ ਵਿਚ ਪੁਜ ਗਈ ਸੀ ਅਤੇ ਏਸ਼ੀਆ ਤੇ ਯੂਰਪ ਦੇ ਕਈ ਰਾਜਿਆਂ



www.AKJ.Org

ਨੇ ਮਹਾਰਾਜੇ ਨੂੰ ਸੁਗਾਤਾਂ ਅਤੇ ਮਿਤ੍ਰਤਾ-ਪਤੱਰ ਭੇਜੇ।

ਮਹਾਰਾਜਾ ਰਣਜੀਤ ਸਿੰਘ ਦੇਖਣ ਵਿਚ ਕੋਈ ਸੋਹਣਾ ਨਹੀਂ ਸੀ। ਉਹ ਕਦ ਦਾ ਛੋਟਾ ਸੀ ਅਤੇ ਛੋਟੀ ਉਮਰ ਵਿਚ ਸੀਤਲਾ ਦੇ ਕਾਰਨ ਉਹ ਇਕ ਅਖੋਂ ਹੀਣਾ ਹੋ ਗਿਆ ਸੀ। ਪਰ ਇਹ ਦੁਬਲਾ ਪਤਲਾ ਮਹਾਰਾਜਾ ਜਦ ਘੋੜੇ ਤੇ ਪਲਾਕੀ ਮਾਰ ਕੇ ਬੈਠਦਾ ਸੀ ਤਾਂ ਬੜਾ ਸੁੰਦਰ ਤੇ ਬਲੀ ਭਾਸਦਾ ਸੀ ਅਤੇ ਉਸ ਦੇ ਦਬਦਬੇ ਅਗੇ ਕੋਈ ਠਹਿਰ ਨਹੀਂ ਸਕਦਾ ਸੀ। ਰਣਜੀਤ ਸਿੰਘ ਦੇ ਇਕ ਅੰਗਰੇਜ਼ ਜੀਵਨ-ਲਿਖਾਰੀ ਗਰਿਫ਼ਨ ਨੇ ਲਿਖਿਆ ਹੈ ਕਿ ਪਰਮਾਤਮਾ ਨੇ ਰਣਜੀਤ ਸਿੰਘ ਨੂੰ ਨਪੋਲ਼ਅਨ ਵਾਂਗ ਸੰਸਾਰ ਵਿਚ ਹਕੂਮਤ ਕਰਨ ਲਈ ਭੇਜਿਆ ਸੀ ਅਤੇ ਕੋਈ ਆਦਮੀ ਉਸ ਅਗੇ ਨਹੀਂ ਅੜ ਸਕਦਾ ਸੀ। ਰਣਜੀਤ ਸਿੰਘ ਦਾ ਦਰਬਾਰ ਬਹੁਤ ਸ਼ਾਨਦਾਰ ਸੀ ਪਰੰਤੂ ਉਹ ਆਪ ਬੜੇ ਸਾਦਾ ਕਪੜੇ ਪਾਂਦਾ ਸੀ ਅਤੇ ਤਖਤ ਦੀ ਥਾਂ ਕੁਰਸੀ ਉਤੇ ਬੈਠਦਾ ਸੀ। ਉਸ ਦੇ ਦਰਬਾਰੀ ਬੜੀ ਸਜ ਧਜ ਵਾਲਾ ਲਿਬਾਸ ਪਾਂਦੇ ਸਨ।

ਮਹਾਰਾਜਾ ਰਣਜੀਤ ਸਿੰਘ ਮਨ ਮਰਜ਼ੀ ਦਾ ਰਾਜ ਕਰਦਾ ਸੀ ਅਤੇ ਰਾਜ ਪ੍ਰਬੰਧ ਦਾ ਸਾਰਾ ਕੰਮ ਉਸ ਨੇ ਆਪਣੇ ਹਥ ਵਿਚ ਰਖਿਆ ਹੋਇਆ ਸੀ। ਉਸ ਦੇ ਕਈ ਯੋਗ ਹਿੰਦੂ ਤੇ ਮੁਸਲਮਾਨ ਮੰਤਰੀ ਸਨ ਜਿਨਾਂ ਤੋਂ ਉਹ ਸਲਾਹ ਮਸ਼ਵਰਾ ਲਿਆ ਕਰਦਾ ਸੀ। ਉਸ ਨੇ ਆਪਣੇ ਸਮਰਾਜ ਨੂੰ ਲਾਹੌਰ, ਕਸ਼ਮੀਰ, ਪਿਸ਼ਾਵਰ ਅਤੇ ਮੁਲਤਾਨ ਦੇ ਚਾਰ ਸੂਬਿਆਂ ਵਿਚ ਵੰਡ ਰਖਿਆ ਸੀ। ਸੂਬੇ ਪਰਗਨਿਆਂ ਵਿਚ ਅਤੇ ਪਰਗਨੇ ਤਲਕਿਆਂ ਵਿਚ ਵੰਡੇ ਹੋਏ ਸਨ। ਤਲਕੇ ਦੇ ਅਫਸਰ ਨੂੰ ਕਾਰਦਾਰ ਕਹਿੰਦੇ ਸਨ, ਜੋ ਮੁਕਦਮੇ ਵੀ ਸੁਣਦਾ ਸੀ ਤੇ ਮਾਲੀਆ ਵੀ ਉਗਰਾਂਹਦਾ ਸੀ। ਪਿੰਡਾਂ ਵਿਚ ਪੰਚਾਇਤਾਂ ਸਥਾਪਤ ਸਨ। ਅਦਾਲਤਾਂ ਦੇ ਵਿਰੁਧ ਅਪੀਲਾਂ ਮਹਾਰਾਜਾ ਆਪ ਸੁਨਦਾ ਸੀ।

ਮਹਾਰਾਜਾ ਰਣਜੀਤ ਸਿੰਘ ਅਨਪੜ੍ਹ ਹੁੰਦਿਆਂ ਹੋਇਆਂ ਵੀ ਸਿਆਣਾ ਤੇ ਸਫਲ ਸਮਰਾਟ ਸਾਬਤ ਹੋਇਆ। ਮਨੁਖੀ ਅਗਵਾਈ ਅਤੇ ਰਾਜਸੀ ਪਰਬੰਧ ਦਾ ਮਾਦਾ ਕੁਦਰਤ ਨੇ ਉਸ ਦੀ ਤਬੀਅਤ ਵਿਚ ਕੁਟ ਕੁਟ ਕੇ ਭਰਿਆ ਹੋਇਆ ਸੀ। ਉਸ ਨੇ ਪ੍ਰਮਾਤਮਾ ਵਲੋਂ ਮਿਲੀ ਹੋਈ ਯੋਗਤਾ ਨਾਲ ਸਿਖਾਂ ਦੀ ਖਿੰਡੀ ਹੋਈ ਤਾਕਤ ਨੂੰ ਇਕਠਿਆਂ ਕਰ ਕੇ ਇਕ ਖਾਲਸਾ ਸਾਮਰਾਜ ਦਾ ਰੂਪ ਦੇ ਦਿਤਾ।

ਰਣਜੀਤ ਸਿੰਘ ਬੜਾ ਦੂਰ ਦਰਸ਼ੀ ਸੀ। ਉਹ ਨੌਕਰੀ ਦੇਣ ਵੇਲੇ ਹਿੰਦੂ ਮੁਸਲਮਾਨ ਵਿਚ ਭੇਤ ਨਹੀਂ ਸੀ ਰਖਦਾ ਅਤੇ ਕੇਵਲ ਯੋਗਤਾ ਨੂੰ ਹੀ ਮੁਖ ਰਖਦਾ ਸੀ। ਉਸ ਦੇ ਦਰਬਾਰੀਆਂ ਵਿਚ ਫਕੀਰ ਅਜੀਜ਼ੁਲਦੀਨ, ਰਾਜਾ ਦੀਨਾ ਨਾਥ, ਰਾਜਾ ਗੁਲਾਬ ਸਿੰਘ, ਰਾਜਾ ਧਿਆਨ ਸਿੰਘ ਅਤੇ ਦੀਵਾਨ ਸਿੰਘ, ਸਾਵਣ ਮਲ ਵਰਗੇ ਅਫ਼ਸਰ ਸਨ। ਉਸ ਦੇ ਫੌਜੀ ਅਫਸਰਾਂ ਵਿਚ ਸਭ ਤੋਂ ਪਰਸਿਧ ਹਰੀ ਸਿੰਘ ਨਲੂਆ ਹੋਇਆ ਹੈ।

ਰਣਜੀਤ ਸਿੰਘ ਦੇ ਰਾਜ ਨੂੰ ਹਿੰਦੂ, ਮੁਸਲਮਾਨ ਤੇ ਸਿਖ, ਸਭ ਆਪਣਾ ਰਾਜ ਸਮਝਦੇ ਸਨ, ਕਿਉਂਕਿ ਮਹਾਰਾਜਾ ਬਿਨਾਂ ਕਿਸੇ ਮਤ ਭੇਦ ਦੇ ਹਰ ਇਕ ਦੇ ਧਰਮ ਅਤੇ ਮਾਲ ਦੀ ਰਖਿਆ ਕਰਦਾ ਸੀ। ਉਸ ਦੇ ਰਾਜ ਵਿਚ ਸੰਪ੍ਰਦਾਇਕ ਅਤਿਆਚਾਰ ਦਾ ਨਾਮ ਨਹੀਂ ਸੀ।

ਉਸਨੂੰ ਆਪਣੇ ਮੁਸਲਮਾਨ ਦਰਬਾਰੀਆਂ ਤੇ ਪੂਰਨ ਵਿਸ਼ਵਾਸ ਸੀ, ਏਥੋਂ ਤਕ ਕਿ ਉਸਦਾ ਵਿਦੇਸ਼ ਮੰਤਰੀ ਫ਼ਕੀਰ ਅਜੀਜ਼ੁਲਦੀਨ ਨੇ ਵੀ ਆਪਣੇ ਸਿਰੋਂ ਵਧ ਮਹਾਰਾਜੇ ਦੀ ਵਫ਼ਾਦਾਰੀ ਦਾ ਸਬੂਤ ਦਿਤਾ। ਉਸ ਦੀ ਅੰਸ ਅਜ ਤਕ ਮਹਾਰਾਜੇ ਦੇ ਨਾਮ ਨੂੰ ਸਤਿਕਾਰ ਨਾਲ ਪੂਜਦੀ ਹੈ।



www.AKJ.Org

ਮਹਾਰਾਜਾ ਨਿਆਂ ਕਰਨ ਲਗਿਆਂ ਕਿਸੇ ਦਾ ਪੱਖ ਨਹੀਂ ਸੀ ਕਰਦਾ। ਇਹ ਗਲ ਬੜੀ ਅਸਚਰਜ ਹੈ ਕਿ ਮਹਾਰਾਜਾ ਕਿਸੇ ਦੋਸ਼ੀ ਨੂੰ ਮੌਤ ਦਾ ਦੰਡ ਨਹੀਂ ਸੀ ਦੇਂਦਾ। ਮਹਾਰਾਜੇ ਦੇ ਨਿਆਂ ਅਤੇ ਦਾਨ ਦੀਆਂ ਕਹਾਣੀਆਂ ਅਜ ਤਕ ਸਾਡੇ ਦੇਸ਼ ਵਿਚ ਪ੍ਰਚਲਤ ਹਨ। ਕਿਹਾ ਜਾਂਦਾ ਹੈ ਕਿ ਲਾਹੌਰ ਵਿਚ ਇਕ ਵਾਰ ਕਾਲ ਪੈ ਗਿਆ। ਸਰਕਾਰ ਵਲੋਂ ਲੋਕਾਂ ਵਿਚ ਮੁਫਤ ਅਨਾਜ ਵੰਡਿਆ ਜਾਣ ਲਗਾ। ਇਕ ਵਾਰ ਮਹਾਰਾਜੇ ਨੇ ਕੀ ਵੇਖਿਆ ਕਿ ਇਕ ਬੁਢਾ ਮੁਸਲਮਾਨ ਧੋਬੀ ਅਨਾਜ ਦੀ ਪੰਡ ਚੁਕਣ ਦਾ ਯਤਨ ਕਰਦਾ ਹੈ ਤੇ ਬੁਢੇਪੇ ਅਤੇ ਕਮਜ਼ੋਰੀ ਦੇ ਕਾਰਨ ਉਹ ਪੰਡ ਨਹੀਂ ਚੁਕ ਸਕਦਾ। ਇਹ ਵੇਖ ਕੇ ਮਹਾਰਾਜੇ ਨੇ ਉਸ ਦੀ ਪੰਡ ਨੂੰ ਚੁਕ ਕੇ ਉਸ ਦੇ ਘਰ ਪੁਚਾ ਦਿਤਾ।

ਇਕ ਵਾਰ ਸੰਭੜਿਆਲ ਜ਼ਿਲਾ ਸਿਆਲਕੋਟ ਦਾ ਕਾਜ਼ੀ ਹਥਾਂ ਨਾਲ ਕੁਰਾਨ ਸ਼ਰੀਫ਼ ਦੀ ਬੜੀ ਸੁੰਦਰ ਪੋਥੀ ਤਿਆਰ ਕਰ ਕੇ ਕਿਸੇ ਮੁਸਲਮਾਨ ਨਵਾਬ ਕੋਲ ਵੇਚਨ ਲਈ ਲੈ ਕੇ ਟੁਰਿਆ। ਜਦ ਮਹਾਰਾਜੇ ਨੂੰ ਪਤਾ ਲਗਾ ਤਾਂ ਮਹਾਰਾਜੇ ਨੇ ਬਹੁਤ ਸਾਰਾ ਧਨ ਦੇ ਕੇ ਇਹ ਕੁਰਾਨ ਸ਼ਰੀਫ ਆਪ ਮੁਲ ਲੈ ਲਿਆ ਤੇ ਕਾਜ਼ੀ ਨੂੰ ਸੰਭੜਿਆਲ ਦਾ ਪਿੰਡ ਜਾਗੀਰ ਵਜੋਂ ਦੇ ਦਿਤਾ।

ਮਹਾਰਾਜਾ ਰਣਜੀਤ ਸਿੰਘ ਦੀ ਫੌਜ ਬਹੁਤ ਤਕੜੀ ਸੀ, ਜਿਸ ਨੂੰ ਪਛਮੀ ਢੰਗ ਦੀ ਸਿਖਿਆ ਦੇਣ ਲਈ ਮਹਾਰਾਜੇ ਨੇ ਇਟਲੀ ਤੇ ਫਰਾਂਸ ਦੇ ਕੁਝ ਫ਼ੌਜੀ ਅਫ਼ਸਰ ਆਪਣੀ ਨੌਕਰੀ ਵਿਚ ਲੈ ਲਏ ਸਨ। ਪਰੰਤੂ ਇਹ ਗਲ ਯਾਦ ਰਖਣ ਯੋਗ ਹੈ ਕਿ ਮਹਾਰਾਜੇ ਨੇ ਇਨ੍ਹਾਂ ਬਦੇਸ਼ੀ ਅਫ਼ਸਰਾਂ ਦੇ ਆਉਣ ਤੋਂ ਪਹਿਲਾਂ ਹੀ ਆਪਣਾ ਸਾਮਰਾਜ ਸਥਾਪਨ ਕਰ ਲਿਆ ਸੀ। ਮਹਾਰਾਜੇ ਨੇ ਤੋਪਾਂ ਢਾਲਣ ਦੇ ਕਾਰਖਾਨੇ ਵੀ ਬਣਾ ਲਏ ਸਨ। ਉਸ ਦੀ ਆਮਦਨ ਦਾ ਵਡਾ ਸਾਧਨ ਜ਼ਮੀਨ ਦਾ ਲਗਾਨ ਸੀ। ਉਹ ਕਿਸਾਨਾਂ ਕੋਲੋਂ ਪੈਦਾਵਾਰ ਦਾ ਛੇਵਾਂ ਹਿਸਾ ਲੈ ਲੈਂਦਾ ਸੀ। ਇਸ ਤੋਂ ਛੁਟ ਜੁਰਮਾਨੇ ਤੇ ਟੈਕਸ ਵੀ ਮਹਾਰਾਜੇ ਦੇ ਖ਼ਜ਼ਾਨੇ ਵਿਚ ਆਉਂਦੇ ਰਹਿੰਦੇ ਸਨ।

ਅੰਤ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ੧੯ਵੀਂ ਸਦੀ ਵਿਚ ਹਿੰਦ ਵਿਚ ਮਹਾਰਾਜੇ ਦੇ ਟਾਕਰੇ ਦੀ ਹੋਰ ਕੋਈ ਹਸਤੀ ਨਹੀਂ ਸੀ। ਅਜ ਤਕ ਮਹਾਰਾਜੇ ਦੇ ਨਾਮ ਨੂੰ ਪਿਆਰ ਅਤੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਮਹਾਰਾਜਾ ਬੜੇ ਖੁਲ੍ਹੇ ਸੁਭਾਅ ਦਾ ਮਾਲਕ ਸੀ ਅਤੇ ਧਰਮ ਦੇ ਨਾਮ ਤੇ ਕਿਸੇ ਉਤੇ ਜਬਰ ਨਹੀਂ ਸੀ ਕਰਦਾ। ਰਣਜੀਤ ਸਿੰਘ ਨੂੰ ਦੇਸ਼ ਦੇ ਪਰਬੰਧ ਵਿਚ ਚੰਗੀ ਯੋਗਤਾ ਦਿਖਾਉਣ ਅਤੇ ਚੰਗਾ ਸਿਪਾਹੀ ਹੋਣ ਦੇ ਕਾਰਨ 'ਸ਼ੇਰਿ-ਪੰਜਾਬ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਉਹ ਸਚ ਮੁਚ ਪੰਜਾਬ ਦਾ ਸ਼ੇਰ ਸੀ।

(ਧੰਨਵਾਦ ਸਹਿਤ "ਗੁਰ-ਸੰਦੇਸ਼" ਵਿਚੋਂ)

*
* *


# ਵਪਾਰੀ ਸਜਣੋ !

## ਮਾਸਕ ਪੱਤਰ "ਸੂਰਾ" ਵਿਚ ਇਸ਼ਤਿਹਾਰ ਦੇ ਕੇ ਲਾਭ ਉਠਾਓ !




www.AKJ.Org

# ( ਗੁਰੂ ਗ੍ਰੰਥ ਤੇ ਪੰਥ )

(ਭਾਈ ਸਾਹਿਬ ਕ੍ਰਿਪਾਲ ਸਿੰਘ ਜੀ "ਖਾਲਸਾ" ਲੁਧਿਆਣਾ)

[ਨੋਟ :–ਲੜੀ ਜੋੜਨ ਲਈ ਦੇਖੋ ਪਿਛਲਾ ਪਰਚਾ ਮਈ ੧੯੬੬]

### ਚੇਤੇ ਰੱਖਣ ਵਾਲੀ ਗਲ–

ਖਾਲਸਾ ਸੰਗਤ ਗੁਰੂ ਰੂਪ ਹੈ ਅਤੇ ਇਕ ਸਿੱਖ ਆਪਣੀ ਥਾਂ ਇਕ ਸਿੱਖ ਹੈ। ਜੋ ਕੋਈ ਇਕੱਲਾ ਆਪਣੇ ਆਪ ਨੂੰ ਗੁਰੂ ਅਖਵਾਉਂਦਾ ਹੋਵੇ, ਤਾਂ ਉਹ ਅਤੇ ਉਸ ਨੂੰ ਮੰਨਣ ਵਾਲੇ ਸਿਖੀ ਤੋਂ ਬੇਮੁੱਖ ਹਨ। ਇਕ ਸਿੱਖ ਭਾਵੇਂ ਉਹ ਕਰਨੀ ਕਮਾਈ ਵਿਚ ਕਿਨਾਂ ਭੀ ਉਚਾ ਕਿਉਂ ਨਾ ਹੋ ਜਾਵੇ, ਉਹ ਆਪਣੇ ਆਪ ਨੂੰ ਗੁਰੂ ਨਹੀਂ ਅਖਵਾ ਸਕਦਾ। ਸੰਤ, ਮਹੰਤ, ਬਾਬਾ ਜਾਂ ਕੋਈ ਨੇਕ ਆਦਮੀ ਹੋਵੇ, ਲੋਕੀਂ ਅੰਨ੍ਹੇ ਵਾਹ ਭੁਲੇਖੇ ਜਾਂ ਅਣਜਾਣਪੁਣੇ ਨਾਲ ਉਸ ਨੂੰ ਗੁਰੂ ਮੰਨ ਕੇ ਉਸ ਦੇ ਪੈਰੀਂ ਪੈਣਾ ਸ਼ੁਰੂ ਕਰ ਦਿੰਦੇ ਹਨ। ਮਗਰ–ਉਨ੍ਹਾਂ ਬਜ਼ੁਰਗਾਂ ਨੂੰ ਅਜੇਹਾ ਨਹੀਂ ਕਰਨਾ ਚਾਹੀਦਾ ਕਿ ਉਹ ਗੁਰੂ ਦੇ ਸਿੱਖ ਅਖਵਾਂਦੇ ਹੋਏ, ਸਿਖਾਂ ਤੋਂ ਹੀ ਆਪਣੀ ਪੂਜਾ ਕਰਵਾਉਣ ਲਗ ਪੈਣ। ਕਿਉਂਕਿ ਗੁਰੂ ਘਰ ਦੀ ਰੀਤ ਤਾਂ, ਇਹ ਹੈ ਕਿ ਪੰਥ ਵਿਚ ਜਿਹੜੇ ਕਰਨੀ ਕਮਾਈ ਵਾਲੇ ਸਿੰਘ ਸਨ ਜਾਂ ਹਨ, ਪੰਥ ਨੇ ਜਾਂ ਸਿਖਾਂ ਨੇ ਉਨ੍ਹਾਂ ਦੀ ਇੱਜ਼ਤ ਮਾਣ ਭਾਈ ਸਾਹਿਬ, ਬਾਬਾ ਜੀ, ਗਿਆਨੀ ਜੀ, ਸਿੰਘ ਸਾਹਿਬ ਜੀ, ਜਥੇਦਾਰ ਜੀ, ਸੇਵਕ ਸਾਹਿਬ ਆਦਿ ਨਾਲ ਕੀਤਾ ਹੈ। ਜਿਦਾਂ ਕਿ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਬਿਧੀ ਚੰਦ ਜੀ, ਭਾਈ ਮਤੀ ਦਾਸ ਜੀ, ਭਾਈ ਬਚਿਤ੍ਰ ਸਿੰਘ ਜੀ, ਭਾਈ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ, ਭਾਈ ਤਾਰੂ ਸਿੰਘ ਜੀ, ਤੇ ਹੁਣ ਦੇ ਜ਼ਮਾਨੇ ਵਿਚ ਭਾਈ ਅਤਰ ਸਿੰਘ ਜੀ (ਸੰਤ), ਗਿਆਨੀ ਦਿਤ ਸਿੰਘ ਜੀ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਬਾਬੂ ਤੇਜਾ ਸਿੰਘ ਜੀ, ਭਾਈ ਸਾਹਿਬ ਕਾਹਨ ਸਿੰਘ ਜੀ, ਭਾਈ ਵੀਰ ਸਿੰਘ ਜੀ (ਡਾਕਟਰ) ਆਦਿ ਨਾਵਾਂ ਨਾਲ ਸਤਿਕਾਰਿਆ ਜਾਂਦਾ ਹੈ। ਸਿਖਾਂ ਵਿਚ 'ਸਖਸ਼ੀ' ਪੂਜਾ ਕੁਫਰ ਹੈ, ਪਤਤਿ-ਪੁਣਾ ਹੈ। ਸਿਖਾਂ ਵਿਚ ਸੇਵਾਦਾਰ ਬਣ ਕੇ ਰਹਿਣ ਵਾਲੇ ਸਿੰਘਾਂ ਦਾ ਬਹੁਤਾ ਮਾਣ ਕੀਤਾ ਜਾਂਦਾ ਹੈ, ਵੇਹਲੜਾਂ ਦਾ ਨਹੀਂ।

ਨੋਟ :–ਵੀਰੋ ! ਆਮ ਸਾਧਾਰਨ ਲੋਕ ਇਨ੍ਹਾਂ ਦੇ ਪੈਰੀਂ ਨਹੀਂ ਪੈਂਦੇ। ਸਗੋਂ–ਇਨ੍ਹਾਂ 'ਗੁਰੂ ਡੰਮ' ਮਹੰਤਾਂ ਦੇ ਏਜੰਟ (ਮੱਕਾਰ ਚੇਲੇ) ਜਿਨ੍ਹਾਂ ਨੇ "ਆਹ ਜੱਗ ਮਿੱਠਾ ਅਗਲਾ ਕਿਨ ਡਿੱਠਾ" ਸਮਝਿਆ ਹੋਇਆ ਹੈ, ਓਹ ਹੀ, ਇਨ੍ਹਾਂ ਭੱਡੀਆਂ ਚਿੜੀਆਂ ਨੂੰ 'ਜੋਤਿ' ਦੇ ਦਰਸ਼ਨਾਂ ਦੀ ਚੋਗ ਪਾਕੇ ਫਸਾਂਦੇ ਹਨ।

ਮਗਰ–ਕਚਘਰੜ ਜਗਿਆਸੂ ਨੂੰ 'ਜੋਤਿ' ਤਾਂ ਕੀ ਦੀਵੇ ਦੀ ਲੋ ਭੀ ਨਹੀਂ ਦਿਸਦੀ। 'ਚੋਰ ਦੀ ਮਾਂ ਕੋਠੀ 'ਚ ਮੂੰਹ' ਦੀ ਕਹਾਵਤ ਵਾਂਗ ਬੇਸ਼ਰਮ ਹੋਏ ਚੁਪ ਹੀ ਸਾਧ ਲੈਂਦੇ ਹਨ। ਇਸੇ ਤਰ੍ਹਾਂ ਅਗੋਂ ਹੋਰ ਫਸਦੇ ਹਨ। ਜੋ ਆਚਰਣਹੀਣ ਅਮੀਰ, ਇਨ੍ਹਾਂ ਕੂੜਿਆਰਾਂ ਦੇ ਚੇਲੇ ਬਣਦੇ ਹਨ, ਉਨ੍ਹਾਂ ਨੂੰ 'ਗੁਰ ਚੇਲਾ' ਹੋਣ ਦੀ ਪਰਵਾਹ ਹੀ ਨਹੀਂ, ਸਗੋਂ ਓਹ ਤਾਂ ਆਪਣੇ ਜਿਹਾਂ ਦੀ ਸੋਸਾਇਟੀ ਵਿਚ ਜਾ ਮਿਲ ਦੇ ਅਤੇ ਆਪਣੇ ਪਿਛਲੇ ਕੀਤੇ ਪਾਪਾਂ ਪਰ ਪਰਦਾ ਪਾਕੇ, ਅਗੋਂ ਹੋਰ ਪਾਪ ਕਮਾਉਣ ਦੀ ਖੁਲ੍ਹ ਪ੍ਰਾਪਤ ਕਰ ਲੈਂਦੇ ਹਨ।



www.AKJ.Org

ਸਗੋਂ ਉਨ੍ਹਾਂ ਦਾ ਕੰਮ ਏਸ ਕੁਸੰਗਤ ਵਿਚ ਮਿਲਕੇ ਵਿਕਾਰਾਂ ਦੇ ਵਿਹਾਜਣ ਦਾ ਵਾਹ ਵਾਹ ਬਣ ਜਾਂਦਾ ਹੈ।

ਇਨ੍ਹਾਂ ਮੀਣਿਆਂ ਨੂੰ ਗੱਲ ਮਿਲ ਜਾਂਦੀ ਹੈ ਕਿ ਦੇਖੋ ਫਲਾਨਾ ਸਰਦਾਰ ਜਾਂ ਲਾਲਾ ਇੱਡਾ ਅਮੀਰ ਹੁੰਦਾ ਹੋਇਆ ਸਾਡਾ ਸੇਵਕ ਹੈ ਅਤੇ ਇਨ੍ਹਾਂ ਦੇ ਏਜੰਟਾਂ ਨੂੰ ਇਸ਼ਤਹਾਰ ਬਾਜ਼ੀ ਲਈ ਮਸਾਲਾ ਲਭ ਪੈਂਦਾ ਹੈ ਕਿ ਦੇਖੋ ਫਲਾਨਾ ਅਮੀਰ ਸੰਤਾਂ ਦਾ ਸੇਵਕ ਹੈ। ਇਨ੍ਹਾਂ ਗੱਲਾਂ ਕਰਕੇ ਇਨ੍ਹਾਂ ਦੀ ਕੂੜ ਦੀ ਦੁਕਾਨ ਦਿਨੋਂ ਦਿਨ ਹੋਰ ਤਰੱਕੀ ਕਰਦੀ ਹੈ।

ਪਰ "ਪਿਆਰਿਓ ! ਅਸਲ ਗੱਲ ਤਾਂ ਇਹ ਹੈ ਕਿ—

ਗੁਰੂ ਫੁਰਮਾਨ

ਨਾਨਕ ਆਖੈ ਰੇ ਮਨਾ, ਸੁਣੀਐ ਸਿਖ ਸਹੀ ॥
ਲੇਖਾ ਰਬੁ ਮੰਗੇਸੀਆ, ਬੈਠਾ ਕਢਿ ਵਹੀ॥
ਤਲਬਾਂ ਪਉਸਨਿ ਆਕੀਆਂ, ਬਾਕੀ ਜਿਨਾਂ ਰਹੀ ॥
ਅਜਰਾਈਲੁ ਫਰੇਸਤਾ, ਹੋਸੀ ਆਇ ਤਈ ॥
ਆਵਣੁ ਜਾਣੁ ਨ ਸੁਝਈ, ਭੀੜੀ ਗਲੀ ਫਹੀ ॥
ਕੂੜ ਨਿਖੁਟੇ ਨਾਨਕਾ, ਓੜਕਿ ਸਚ ਰਹੀ ॥ ੨ ॥

ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਕਈ ਤਾਂ ਸ਼ਰਾਬੀ, ਕਬਾਬੀ, ਵਿਭਚਾਰੀ (ਧਰਮ ਇਖਲਾਕ ਤੋਂ ਬਿਲਕੁਲ ਕੋਰੇ, ਅੰਨ੍ਹੇ) ਆਦਿ ਭੀ ਗੁਰਿਆਈ ਦੇ ਮਾਲਕ ਬਣੀ ਬੈਠੇ ਸੁਣੀਦੇ ਹਨ। ਅਜੇਹੀਆਂ ਹਾਲਤਾਂ ਵਿਚ ਹੀ, ਉਹੋ ਜਿਹਾਂ ਲਈ ਹੀ ਰੱਬੀ ਹੁਕਮ ਆਏ ਹਨ।

ਯਥਾ—ਕੇਤੇ ਗੁਰ ਚੇਲੇ ਫੁਨਿ ਹੂਆ ॥
ਕਾਹੇ ਗੁਰ ਤੇ ਮੁਕਤਿ ਨ ਹੂਆ ॥
(ਰਾਮਕਲੀ ਮਹਲਾ ੧—ਓਅੰਕਾਰ)

ਪੁਨਾ—
ਗੁਰੂ ਜਿਨਾ ਕਾ ਅੰਧਲਾ, ਸਿੱਖ ਭੀ ਅੰਧੇ ਕੰਮ ਕਰੇਨਿ ॥
ਓਇ ਭਾਣੈ ਚਲਨਿ ਆਪਣੈ, ਨਿਤ ਝੂਠੋ ਝੂਠ ਬੋਲੇਨਿ।
ਕੂੜੁ ਕੁਸਤੁ ਕਮਾਵਦੇ, ਪਰ ਨਿੰਦਾ ਸਦਾ ਕਰੇਨਿ ॥
ਓਇ ਆਪਿ ਡੁਬੇ ਪਰਨਿੰਦਕਾ, ਸਗਲੇ ਕੁਲ ਡੋਬੇਨਿ ॥
(ਰਾਮਕਲੀ ਕੀ ਵਾਰ ਮ: ੩)

ਉਪਰ ਦੱਸੇ ਅੰਧੇ ਗੁਰੂ ਬਾਰੇ ਸ੍ਰੀ ਗੁਰੂ ਅਮਰ ਦਾਸ ਜੀ ਹੋਰ ਭੀ ਸਪਸ਼ਟ ਕਰਦੇ ਹਨ।

ਯਥਾ—
ਅੰਧੇ ਇਹਿ ਨ ਆਖੀਅਨਿ,
ਜਿਨ ਮੁਖਿ ਲੋਇਣ ਨਾਹਿ ॥
ਅੰਧੇ ਸੇਈ ਨਾਨਕਾ,
ਖਸਮਹੁ ਘੁਥੇ ਜਾਹਿ ॥
(ਰਾਮਕਲੀ ਕੀ ਵਾਰ ਮ: ੩)

ਭਾਵ—ਅੰਧਾ ਉਹ ਨਹੀਂ ਜੋ ਨੇਤ੍ਰਹੀਣ ਹੈ, ਸਗੋਂ ਅਮਲ ਵਿਚ ਅੰਨ੍ਹਾਂ ਪੁਰਖ ਉਹ ਹੈ, ਜੋ ਇਨ੍ਹਾਂ ਨੇਤ੍ਰਾਂ ਦੇ ਹੁੰਦਿਆਂ ਭੀ (ਭਾਵ—ਅਸਲੀਅਤ ਦਾ ਪਤਾ ਹੁੰਦਿਆਂ ਭੀ) ਗੁਰੂ 'ਅਕਾਲ ਪੁਰਖ' 'ਖਸਮ' ਤੋਂ ਬਾਗੀ ਹੋ ਕੇ, ਆਪ ਹੀ ਗੁਰੂ ਬਣ ਬੈਠੇ ਹਨ।

ਭਾਈ ਗੁਰਦਾਸ ਜੀ ਦੇ ਜ਼ਮਾਨੇ ਵਿਚ ਆਪੇ ਬਣ ਬੈਠੇ ਬਣਾਉਟੀ ਗੁਰੂਆਂ ਪ੍ਰਿਥੀਆਂ ਆਦਿ ਅਤੇ ਵਰਤਮਾਨ ਜ਼ਮਾਨੇ ਵਿਚ ਕੂਕੇ (ਨਾਮਧਾਰੀ), ਰਾਧਾ ਸਵਾਮੀਏ, ਗਹਿਰ ਗੰਭੀਰੀਏ, ਅਤੇ ਮਸਨੂਈ ਸੰਤ, ਬਾਬੇ ਆਦਿ ਪਾਖੰਡੀ ਗੁਰੂ ਡੰਮੀਆਂ (ਜਿਨ੍ਹਾਂ ਲਈ ਉਨ੍ਹਾਂ ਨੇ 'ਮੀਣੇ' ਪਦ ਵਰਤਿਆ ਹੈ) ਦੀ ਸੰਗਤ ਤੋਂ ਹਰ ਸਿੱਖ ਤੇ ਆਮ ਕਰ ਕੇ ਪ੍ਰਾਣੀ ਮਾਤ੍ਰ ਨੂੰ ਵਰਜਿਆ ਹੈ।

ਯਥਾ—ਕੇਹਾ ਦਿਸੈ ਉਜਲਾ, ਮਸੁ ਅੰਦਰ ਚਿੱਤੇ ॥
ਹਰਿਆ ਤਿਲ ਬੂਆੜ ਜਿਉ, ਫਲ ਕੰਮ ਨ ਕਿੱਤੇ ॥
ਜੇਹਾ ਕਲੀ ਕਨੇਰ ਦੀ, ਮਨ ਤਨ ਦੁਹੁ ਭਿੱਤੇ॥
ਪੇਂਝੂ ਦਿਸਨ ਰੰਗਲੇ, ਮਰੀਐ ਅੱਗ ਲਿੱਤੇ ॥
ਖਰੀ ਸੁਆਲਿਓ ਵੇਸਵਾ, ਜੀਅ ਬੱਝਾ ਇੱਤੇ ॥
ਖੋਟੀ ਸੰਗਤ ਮੀਣਿਆਂ, ਦੁਖ ਦੇਂਦੀ ਮਿੱਤੇ ॥ ੫ ॥
(ਭਾ: ਗੁ: ਵਾਰ ੩੬ ਪਉੜੀ ੫)

ਪੁਨਾ— ਹਰਿ ਚੰਦਉਰੀ ਦੇਖਕੇ, ਕਰਦੇ ਭਰਵਾਸਾ ॥
ਥਲ ਵਿਚ ਤਪਨ ਭੱਠੀਆਂ, ਕਿਉਂ ਲਹੈ ਪਿਆਸਾ ॥
ਸੁਪਨੈ ਰਾਜ ਕਮਾਈਐ, ਕਰ ਭੋਗ ਬਿਲਾਸਾ ॥
ਛਾਇਆ ਬਿਰਖ ਨ ਰਹੈ ਥਿਰ, ਪੁਜੈ ਕਿਉਂ ਆਸਾ ॥
ਬਾਜ਼ੀਗਰ ਦੀ ਖੇਡ ਜਿਉਂ, ਸਭ ਕੂੜ ਤਮਾਸ਼ਾ ॥
ਰਲੇ ਜੋ ਸੰਗਤ ਮੀਣਿਆਂ, ਉਠ ਚਲੇ ਨਿਰਾਸਾ ॥੭॥
(ਭਾ: ਗੁ: ਵਾਰ ੩੬ ਪਉੜੀ ੭)



www.AKJ.Org

ਪਰੇਮੀਓ ! ਇਨ੍ਹਾਂ ਬੇਮੁਖਾਂ ਮੀਣਿਆਂ ਦਾ ਅਸਲ ਫ਼ੋਟੋ, ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੇ ਸ੍ਰੀ ਮੁਖਵਾਕ ਕਿਵੇਂ ਸਪਸ਼ਟ ਕਰਦੇ ਹਨ।

ਯਥਾ– ਹਿਰਦੈ ਜਿਨ ਕੈ ਕਪਟ ਵਸੈ,
ਬਾਹਰਹੁ 'ਸੰਤੁ' ਕਹਾਹਿ ॥
ਤ੍ਰਿਸਨਾ ਮੂਲ ਨ ਚੁਕਈ,
ਅੰਤ ਗਏ ਪਛੁਤਾਇ ॥

ਪੁਨਾਂ– ਅੰਤ੍ਰਿ ਕਪਟ ਮਨਮੁਖ ਅਗਿਆਨੀ,
ਰਸਨਾ ਝੂਠ ਬੋਲਾਇ ॥
ਕਪਟਿ ਕੀਤੈ ਹਰਿਪੁਰਖੁ ਨ ਭੀਜੈ,
ਨਿਤ ਵੇਖੈ ਸੁਣੈ ਸੁਭਾਇ ॥
ਦੂਜੈ ਭਾਇ ਜਾਇ ਜਗੁ ਪਰਬੋਧੈ,
ਬਿਖੁ ਮਾਇਆ ਮੋਹ ਸੁਆਇ ॥
ਇਤੁ ਕਮਾਣੈ ਸਦਾ ਦੁਖੁ ਪਾਵੈ,
ਜੰਮੈ ਮਰੈ ਫਿਰਿ ਆਵੈ ਜਾਇ ॥
ਸਹਸਾ ਮੂਲਿ ਨ ਚੁਕਈ,
ਵਿਚਿ ਵਿਸਟਾ ਪਚੈ ਪਚਾਇ ॥
(ਵਾਰ ਗੂਜਰੀ ਮਹਲਾ ੩)

ਭਾਵ--ਇਨ੍ਹਾਂ ਬੇਮੁਖ, ਕਪਟੀ, ਝੂਠੇ, ਅਗਿਆਨੀ, ਦਵੈਸ਼ੀ, ਮਾਇਆ ਦੇ ਕੀੜੇ, ਜੰਮਣੇ, ਮਰਣੇ, ਔਣ ਜਾਣ ਦੇ ਗੇੜ ਵਿਚ ਫਸੇ ਹੋਏ, ਬਿੱਖਖਾਣੇ, ਬਿੱਖ ਪਹਿਨਣੇ, ਤ੍ਰਿਸ਼ਨਾਲੂਆਂ ਇਨ੍ਹਾਂ ਪਾਖੰਡੀਆਂ (ਮੀਣਿਆਂ) ਦਾ ਵਿਸ਼ਟਾ ਵਿਚ ਵਾਸ ਹੋਵੇਗਾ ਕਿਉਂਕਿ ਇਹ ਪਾਖੰਡੀ ਆਪਣੇ ਆਪ ਨੂੰ ਸੰਤ, ਬਾਬੇ, ਮਹਾਂਪੁਰਖ, ਸਤਪੁਰਖ, ਬ੍ਰਹਿਮ ਗਿਆਨੀ ਸਤਿਗੁਰੂ ਆਦਿ ਆਪਣੇ ਏਜੰਟਾਂ ਰਾਹੀਂ ਅਖਵਾ ਕੇ ਅਕਾਲ ਪੁਰਖ ਦੀ ਖਲਕਤ ਨੂੰ ਬੇਰਹਿਮੀ ਨਾਲ ਲੁੱਟ ਰਹੇ ਹਨ। ਪ੍ਰਮਾਰਥ ਤੋਂ ਅਣਜਾਣ ਸੂਧੇ ਸਾਦੇ ਲੋਕਾਂ ਨੂੰ ਆਪਣੇ ਪੈਰੀਂ ਪੁਆਕੇ, ਆਪਣੀਆਂ ਤਸਵੀਰਾਂ ਦੇ ਟਕੇ ਬਟੋਰਦੇ ਤੇ ਪੂਜਾ ਕਰਵਾ ਕੇ ਰੱਬ ਤੋਂ ਗੁਮਰਾਹ ਕਰਦੇ ਹਨ। (ਤਸਵੀਰ ਪੂਜਾ ਜਾਂ ਮੂਰਤੀ ਪੂਜਾ ਦੇ ਖੰਡਨ ਲਈ ਪੜ੍ਹੋ 'ਗੁਰ ਮੂਰਤਿ ਗੁਰ ਸ਼ਬਦ ਹੈ' ਕ੍ਰਿਤ ਪ੍ਰੋ: ਸਾਹਿਬ ਸਿੰਘ)

ਅਫਸੋਸ ਹੈ ਉਨ੍ਹਾਂ ਅੰਧਵਿਸ਼ਵਾਸੀ ਸ਼ਰਧਾਲੂਆਂ ਪਰ, ਜਿਹੜੇ ਅੰਨ੍ਹੇਵਾਹ ਇਨ੍ਹਾਂ ਪਾਖੰਡ ਦੇ ਠੇਕੇਦਾਰਾਂ ਨੂੰ ਮੱਥੇ ਟੇਕ ਟੇਕ ਕੇ ਆਪਣਾ ਲੋਕ ਪ੍ਰਲੋਕ ਹਨੇਰਾ ਕਰਕੇ ਕਲੰਕਤ ਹੋ ਰਹੇ ਹਨ।

ਇਹ ਅਮੱਤ ਅਨਾੜੀ 'ਗੁਰਬਾਣੀ' ਦੇ ਸਿੱਧਾਂਤ ਨੂੰ ਠੀਕ ਤਰ੍ਹਾਂ ਨਾ ਸਮਝਣ ਦੇ ਕਾਰਨ, ਜਿਥੇ ਕਿਤੇ 'ਗੁਰਬਾਣੀ' ਵਿਚ ਬਾਬਾ, ਸੰਤ, ਸਾਧ, ਬ੍ਰਹਮ ਗਿਆਨੀ, ਮਹਾਂਪੁਰਖ, ਗੁਰੂ, ਜਾਂ ਸਤਿਗੁਰੂ ਆਦਿ ਪਦ ਪੜ੍ਹਦੇ ਹਨ, ਓਥੇ ਇਨ੍ਹਾਂ ਪਦਾਂ ਦਾ ਅਧਿਕਾਰੀ ਆਪਣੇ ਆਪ ਨੂੰ ਸਮਝ ਲੈਂਦੇ ਹਨ।

ਐ ਖਸਮੋ ਘੁਥੇ ਵੀਰੋ ! ਹੇਠ ਲਿਖੇ ਸ਼ਬਦਾਂ ਨੂੰ ਜ਼ਰਾ ਸੋਚ ਵਿਚਾਰ ਧਿਆਨ ਦੇ ਕੇ ਪੜ੍ਹੋ। ਤਾਕਿ ਤੁਹਾਨੂੰ ਪਤਾ ਲਗ ਜਾਏ ਕਿ ਇਹ ਪਦ ਗੁਰੂ ਸਚੇ ਪਾਤਸ਼ਾਹ ਜੀ ਨੇ ਤੁਹਾਡੇ ਜੇਹੇ ਪੋਪਾਂ ਪਾਖੰਡੀਆਂ ਲਈ ਨਹੀਂ ਵਰਤੇ ਬਲਕਿ ਇਹ ਤਾਂ "ਧੁਰੋਂ ਪਠਾਏ ਆਪ ਹਰਿ, ਹਮ ਤੁਮ ਤੇ ਨਾਹੀ ਦੂਰ ॥" ਗੁਰਵਾਕ ਅਨੁਸਾਰ ਜਗਤ ਗੁਰੂ ਨਾਨਕ ਦੇਵ ਜੀ ਅਕਾਲ-ਰੂਪ ਲਈ ਹਨ।

ਸਤਿਗੁਰੂ

ਗੁਰੁ ਦਾਤਾ, ਗੁਰੁ ਹਿਵੈ ਘਰੁ,
ਗੁਰੁ ਦੀਪਕੁ ਤਿਹ ਲੋਇ ॥
ਅਮਰੁ ਪਦਾਰਥੁ ਨਾਨਕਾ,
ਮਨਿ ਮਾਨਿਐ ਸੁਖੁ ਹੋਇ ॥ ੧ ॥
(ਵਾਰ ਮਾਝ ਸਲੋਕ ਮ: ੧)

ਪੁਨਾ– ਸਤਿਗੁਰੁ ਅੰਦਰਹੁ ਨਿਰਵੈਰ ਹੈ
ਸਭ ਦੇਖੈ ਬ੍ਰਹਮ ਇਕ ਸੋਇ ॥
ਸਤਿਗੁਰ ਸਭਨਾ ਦਾ ਭਲਾ ਮਨਾਇਦਾ,
ਤਿਸ ਦਾ ਬੁਰਾ ਕਿਉ ਹੋਇ ॥
(ਵਾਰ ਗਉੜੀ ਮਹਲਾ ੪)

ਪੁਨਾ– ਸਤਿਪੁਰਖ ਜਿਨ ਜਾਨਿਆ,
ਸਤਿਗੁਰ ਤਿਸ ਕਾ ਨਾਉ ॥
ਤਿਸਕੈ ਸੰਗ ਸਿਖ ਉਧਰੈ ॥
ਨਾਨਕ ਹਰਿ ਗੁਨ ਗਾਉ ॥
(ਗਉੜੀ ਸੁਖਮਨੀ ਮਹਲਾ ੫)

(ਚਲਦਾ)


www.AKJ.Org

# ਮਨਮੁਖ ਹਾਰ ਗੁਰਮੁਖ ਸਦ ਜੀਤਿ

(ਭਾਈ ਸਾਹਿਬ **ਅਜੀਤ** ਸਿੰਘ ਜੀ ਵਰਸੀਅਰ ਕੋਟਕਪੂਰਾ)

ਜਿਹੜੇ ਸਜਣ ਗੁਰੂ ਦੀ ਸਿਖਿਆ ਗ੍ਰਹਣ ਕਰਦੇ ਹਨ ਅਤੇ ਆਪਣੇ ਜੀਵਨ ਨੂੰ ਗੁਰੂ ਆਸ਼ੇ ਅਨੁਸਾਰ ਢਾਲਣ ਦਾ ਜਤਨ ਕਰਦੇ ਹਨ, ਗੁਰਮੁਖ ਅਖਵਾਉਂਦੇ ਹਨ। ਮਨ ਦੇ ਮਗਰ ਚਲਣ ਵਾਲਿਆਂ ਗੁਰਮਤਿ ਵਿਰੋਧੀਆਂ ਨੂੰ ਮਨਮੁਖ ਕਿਹਾ ਜਾਂਦਾ ਹੈ। ਸੱਚੀ ਗੱਲ ਤਾਂ ਇਹੋ ਹੀ ਹੈ ਕਿ ਜਿਨ੍ਹਾਂ ਨੇ ਗੁਰੂ-ਦੁਆਰਿਓਂ ਅੰਮ੍ਰਿਤ ਦੀ ਦਾਤ ਪਰਾਪਤ ਨਹੀਂ ਕੀਤੀ, ਉਹ ਸਾਰੇ ਹੀ ਮਨਮੁਖ ਹਨ ਅਤੇ ਪੱਕੇ ਮਨਮੁਖ ਹਨ। ਉਨ੍ਹਾਂ ਅੰਮ੍ਰਿਤਧਾਰੀ ਸਿੰਘਾਂ ਨੂੰ ਹੀ ਗੁਰਮੁਖ ਦਾ ਦਰਜਾ ਪਰਾਪਤ ਹੁੰਦਾ ਹੈ ਜਿਹੜੇ ਰਹਿਤ ਵਿਚ ਪੱਕੇ ਹੁੰਦੇ ਹਨ। ਗੁਰਮੁਖ ਅਤੇ ਮਨਮੁਖ ਸ਼ਬਦ ਦੀ ਵਰਤੋਂ ਗੁਰਬਾਣੀ ਅੰਦਰ ਬਹੁਤ ਵੇਰ ਕੀਤੀ ਗਈ ਹੈ। ਜਿਥੇ ਗੁਰਮੁਖ ਦਾ ਬਹੁਤ ਹੀ ਉਚਾ ਦਰਜਾ ਦਸਿਆ ਹੈ ਉਥੇ ਮਨਮੁਖ ਅਰਥਾਤ ਨਿਗੁਰੇ ਪੁਰਸ਼ ਨੂੰ ਬਹੁਤ ਹੀ ਨੀਵਾਂ ਦਰਸਾਇਆ ਗਿਆ ਹੈ ਅਤੇ ਇਥੋਂ ਤਕ ਕਿਹਾ ਹੈ:—

ਨਿਗੁਰੇ ਕਾ ਹੈ ਨਾਉ ਬੁਰਾ ॥
(ਆਸਾ ਪਟੀ ਮ: ੩)

ਨਿਗੁਰੇ ਅਰਥਾਤ ਗੁਰਮੰਤਰਹੀਣੇ ਦੀ ਜ਼ਿੰਦਗੀ ਨੂੰ ਲਾਹਨਤ ਪਾਈ ਗਈ ਹੈ। ਉਸ ਦਾ ਦਰਜਾ ਕੁਤਿਆਂ ਬਿਲਿਆਂ, ਸੂਰਾਂ ਅਤੇ ਗਧਿਆਂ ਦੇ ਬਰਾਬਰ ਰਖਿਆ ਗਿਆ ਹੈ। ਗੁਰੂ ਅਮਰਦਾਸ ਜੀ ਨੇ ਕਿਹਾ ਹੈ ਕਿ ਇਸਤਰ੍ਹਾਂ ਦੇ ਆਦਮੀ ਦਰਬਦਰ ਚੋਟਾਂ ਖਾਂਦੇ ਹਨ ਅਤੇ ਉਨ੍ਹਾਂ ਦੀ ਕਿਤੇ ਵੀ ਗਤੀ ਨਹੀਂ ਹੁੰਦੀ :—

ਨਿਗੁਰੇ ਕਉ ਗਤਿ ਕਾਈ ਨਾਹੀ ॥
ਅਵਗਣਿ ਮੁਠੇ ਚੋਟਾ ਖਾਹੀ ॥੩॥

ਹੇਠਾਂ ਕੁਝ ਕੁ ਗੁਰਬਾਣੀ ਦੇ ਟੂਕ ਦਿਤੇ ਜਾਂਦੇ ਹਨ ਇਹ ਦਸਣ ਲਈ ਕਿ ਮਨਮੁਖ ਪੁਰਸ਼ਾਂ ਦੇ ਕੀ ਕੰਮ ਕਾਜ ਹਨ, ਚਿਹਨ ਚਕਰ ਕੀ ਹਨ :—

(੧) ਨਾਮੁ ਨ ਚੇਤਹਿ ਸਬਦ ਨ ਵੀਚਾਰਹਿ ਇਹੁ ਮਨਮੁਖ ਕਾ ਆਚਾਰੁ ॥ (ਗੂਜਰੀ ਵਾਰ ਮ: ੩)

(੨) ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥ (ਵਾਰ ਮਾਝ ਮ: ੨)

(੩) ਪੂਰੇ ਗੁਰ ਕਾ ਹੁਕਮੁ ਨ ਮੰਨੇ ਓਹੁ ਮਨਮੁਖ ਅਗਿਆਨੁ ਮੁਠਾ ਬਿਖੁ ਮਾਇਆ ॥
(ਗਉੜੀ ਵਾਰ ਮ. ੪)

(੪) ਫੋਕਟ ਕਰਮ ਕਰਹਿ ਅਗਿਆਨੀ ਮਨਮੁਖਿ ਅੰਧ ਕਹਾਵਥ ॥ (ਮਾਰੂ ਮ: ੫)

(੫) ਆਪਸ ਕਉ ਬਹੁ ਭਲਾ ਕਰਿ ਜਾਣਹਿ ਮਨਮੁਖਿ ਮਤਿ ਨ ਕਾਈ ॥ (ਸੋਰਠਿ ਮ: ੩)

(੬) ਮਨਮੁਖ ਕਥਨੀ ਹੈ ਪਰ ਰਹਤ ਨਾ ਹੋਈ ॥
(ਬਿਲਾਵਲ ਮ: ੧)

(੭) ਸੇ ਮਨਮੁਖ ਜੋ ਸਬਦ ਨ ਪਛਾਣਹਿ ॥
ਗੁਰ ਕੇ ਭੈ ਕੀ ਸਾਰ ਨ ਜਾਣਹਿ ॥
(ਮਾਰੂ ਮ: ੩)

ਇਸ ਤਰ੍ਹਾਂ ਦੇ ਲਛਣ ਹੋਣ ਕਰ ਕੇ ਮਨਮੁਖ ਪੁਰਸ਼ ਆਪਣੀ ਜ਼ਿੰਦਗੀ ਵਿਚ ਸੁਖ ਦਾ ਸਾਹ ਨਹੀਂ ਲੈ ਸਕਦਾ। ਜਨਮ ਤੋਂ ਮਰਨ ਤਕ ਉਹ ਦੁਖਾਂ ਵਿਚ ਹੀ ਘਿਰਿਆ ਰਹਿੰਦਾ ਹੈ। ਉਸ ਦੇ ਖੋਟੇ ਕਰਮ ਉਸ ਨੂੰ ਦੁਖ ਦਾ ਵਪਾਰੀ ਬਣਾ ਦਿੰਦੇ ਹਨ :—

ਮਨਮੁਖੁ ਦੁਖ ਕਾ ਖੇਤੁ ਹੈ ਦੁਖ ਬੀਜੇ ਦੁਖੁ ਖਾਇ ॥
ਦੁਖ ਵਿਚ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ ॥
(ਮ: ੩)

ਜੀਵ ਜਿਸ ਤਰ੍ਹਾਂ ਦੀ ਸੰਗਤ ਕਰਦਾ ਹੈ ਉਹੋ ਜਿਹਾ ਹੀ ਹੋ ਜਾਂਦਾ ਹੈ। ਇਸ ਲਈ ਮਨਮੁਖਾਂ ਦੀ ਸੰਗਤ ਕਰਨ ਵਿਚ ਘਾਟਾ ਹੀ ਘਾਟਾ ਹੈ ਕਿਉਂਕਿ ਉਨ੍ਹਾਂ ਦਾ ਤਾਂ ਪੈਸਾ ਹੀ ਯਾਰ ਹੁੰਦਾ ਹੈ। ਉਨ੍ਹਾਂ ਦੀ ਯਾਰੀ ਵੀ ਪੈਸੇ ਵਾਲੇ ਨਾਲ ਹੁੰਦੀ ਹੈ, ਬਹੁਤਾ



www.AKJ.Org

ਚਿਰ ਨਹੀਂ ਥੋੜੇ ਦਿਨ ਹੀ, ਸਿਰਫ ਉਤਨੇ ਸਮੇਂ ਲਈ ਜਿਤਨਾ ਚਿਰ ਖਾਣ ਲਈ ਮਿਲਦਾ ਰਹੇ। ਬਾਣੀ ਦੀਆਂ ਇਹ ਤੁਕਾਂ ਇਸ ਗਲ ਦਾ ਨਿਰਣਾ ਕਰਦੀਆਂ ਹਨ।

ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ ॥
ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ ॥
ਜਿਚਰੁ ਪੈਨਨਿ ਖਾਵਨੇ ਤਿਚਰੁ ਰਖਨਿ ਗੰਢੁ ॥
ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨ ਬੋਲਨਿ ਗੰਧੁ ।
(ਮ: ੫)

... ... ... ... ...

ਮਨਮੁਖਾ ਸੇਤੀ ਦੋਸਤੀ ਥੋੜੜਿਆ ਦਿਨ ਚਾਰਿ ॥
ਇਸੁ ਪਰੀਤੀ ਤੁਟਦੀ ਵਿਲਮੁ ਨ ਹੋਵਈ
ਇਤੁ ਦੋਸਤੀ ਚਲਨਿ ਵਿਕਾਰ ॥ (ਸਲੋਕ ਮ: ੩)

ਭਲਾਈ ਤਾਂ ਇਹ ਕਹਿਣ ਵਿਚ ਹੀ ਹੈ ਕਿ,

"ਨਾਨਕ ਮਨਮੁਖਾ ਨਾਲੋਂ ਤੁਟੀ ਭਲੀ
ਜਿਨ ਮਾਇਆ ਮੋਹ ਪਿਆਰ ॥"
(ਮ: ੪)

ਅਸਲ ਗੱਲ ਤਾਂ ਇਹੋ ਹੀ ਹੈ ਕਿ ਦੁਨੀਆਂ ਵਿਚ ਜਿਤਨੇ ਵੀ ਵੈਰ ਵਿਰੋਧ ਅਤੇ ਦੰਗੇ ਫਸਾਦ ਹਨ, ਸਭ ਮਨਮੁਖਤਾ ਦਾ ਹੀ ਨਤੀਜਾ ਹੈ। ਜਿਨ੍ਹਾਂ ਚਿਰ ਗੁਰਮੁਖਤਾ ਨੂੰ ਪਰਧਾਨਤਾ ਨਹੀਂ ਮਿਲਦੀ, ਸੰਸਾਰ ਦੀ ਭਲਾਈ ਹੋਣੀ ਅਸੰਭਵ ਹੈ। ਗੁਰਮੁਖਤਾ ਹੀ ਹੈ ਜਿਹੜੀ ਜੱਗ ਠੰਢ ਵਰਤਾ ਸਕਦੀ ਹੈ, ਸ਼ਾਂਤੀ ਅਤੇ ਅਮਨ ਕਾਇਮ ਰਖ ਸਕਦੀ ਹੈ। ਗੁਰਮੁਖ ਪੁਰਸ਼ ਹਰ ਪਹਿਲੂ ਤੋਂ ਮਾਨਵਤਾ ਲਈ ਕਲਿਆਣਕਾਰੀ ਹੈ। ਇਸ ਗੱਲ ਨੂੰ ਬਾਣੀ ਦੇ ਚਾਨਣੇ ਵਿਚ ਅਜ਼ਮਾਇਆ ਜਾ ਸਕਦਾ ਹੈ :-

(੧) ਗੁਰਮੁਖਿ ਵੈਰ ਵਿਰੋਧ ਗਵਾਵੈ ॥ ਗੁਰਮੁਖਿ ਸਗਲੀ ਗਣਤ ਮਿਟਾਵੈ ॥
(੨) ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ ॥
(੩) ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਇਕ ਕਣੀ ॥
(੪) ਗੁਰਮੁਖਿ ਹਰਿ ਦਰਿ ਸੋਭਾ ਪਾਏ ॥ ਗੁਰਮੁਖਿ ਵਿਚਹੁ ਆਪੁ ਗਵਾਏ ॥ ਆਪ ਤਰੈ ਕੁਲ ਸਗਲੇ ਤਾਰੇ ਗੁਰਮੁਖਿ ਜਨਮ ਸਵਾਰਣਿਆ ॥

ਆਪਣੇ ਸ਼ੁਭ ਕਰਮਾਂ ਦੇ ਫਲ ਵਜੋਂ ਗੁਰਮੁਖ ਲੋਕ ਹਰ ਥਾਂ ਜਸ ਖਟਦੇ ਹਨ। ਫਤਹ ਉਨ੍ਹਾਂ ਦੇ ਪੈਰ ਚੁੰਮਦੀ ਹੈ ਪਰੰਤੂ ਮਨਮੁਖਾਂ ਨੂੰ ਹਰ ਥਾਂ ਮੂੰਹ ਦੀ ਖਾਣੀ ਪੈਂਦੀ ਹੈ। ਗੁਰੂ ਅਰਜਨ ਦੇਵ ਜੀ ਨੂੰ ਇਸ ਗੱਲ ਦਾ ਪੱਕਾ ਤਜਰਬਾ ਹੋ ਗਿਆ ਇਸ ਲਈ ਉਨ੍ਹਾਂ ਨੇ ਵੀ ਸਬੂਤ ਪੇਸ਼ ਕੀਤਾ :-

ਨਾਨਕ ਕਉ ਉਪਜੀ ਪਰਤੀਤ ॥
ਮਨਮੁਖ ਹਾਰ ਗੁਰਮੁਖ ਸਦ ਜੀਤ ॥
(ਗੋਂਡ ਮ: ੫)

ਮਾਝ ਰਾਗ ਵਿਚ ਪੰਚਮ ਪਾਤਸ਼ਾਹ ਜੀ ਨੇ ਗੁਰਮੁਖ ਅਤੇ ਮਨਮੁਖ ਦਾ ਭੇਦ ਦਸਦਿਆਂ ਹੋਇਆਂ ਪ੍ਰਸ਼ਨੋਤਰੀ ਦੇ ਰੂਪ ਵਿਚ ਇਕ ਸ਼ਬਦ ਲਿਖਿਆ ਹੈ ਅਤੇ ਅਖੀਰ ਵਿਚ ਕਹਿ ਦਿਤਾ ਹੈ :-

ਗੁਰਮੁਖਿ ਸੁਖੀਆ ਮਨਮੁਖਿ ਦੁਖੀਆ ॥
ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ ॥
ਗੁਰਮੁਖਿ ਮਿਲੀਐ ਮਨਮੁਖ ਵਿਛੁੜੈ
ਗੁਰਮੁਖਿ ਬਿਧਿ ਪ੍ਰਗਟਾਏ ਜੀਉ ॥

ਗੁਰਮੁਖ ਜੁਗਤੀਵਾਨ ਹੁੰਦਾ ਹੈ ਇਸ ਲਈ ਜ਼ਿੰਦਗੀ ਦਾ ਸਹੀ ਲਾਹਾ ਖਟ ਲੈਂਦਾ ਹੈ ਅਤੇ ਆਪਣੇ ਜੀਵਨ ਨੂੰ ਸਫਲਤਾ ਨਾਲ ਬਤੀਤ ਕਰਦਾ ਹੋਇਆ ਦਰਗਾਹ ਵਿਚ ਸੁਰਖ਼ਰੂ ਹੁੰਦਾ ਹੈ। ਇਸਦੇ ਉਲਟ ਮਨਮੁਖ ਲੋਕ ਆਪਣਾ ਸਭ ਕੁਝ ਗਵਾ ਕੇ ਖਾਲੀ ਚਲੇ ਜਾਂਦੇ ਹਨ :-

ਗੁਰਮੁਖ ਲਾਹਾ ਲੈ ਗਏ
ਮਨਮੁਖ ਚਲੇ ਮੂਲ ਗਵਾਇ ਜੀਉ ॥
(ਮਾਝ ਮ: ੫)

"ਖਾਲੀ ਜਾਇ ਦੁਖ ਪਾਵਣਿਆ" ਦੇ ਗੁਰਵਾਕ ਅਨੁਸਾਰ ਮਨਮੁਖਾਂ ਨੂੰ ਨਰਕਵਾਸੀ ਹੋਕੇ ਦੁਖ ਭੋਗਣਾ ਪੈਂਦਾ ਹੈ। ਗੁਰਮੁਖਾਂ ਨੂੰ ਇਸ ਤਰ੍ਹਾਂ ਦੀ ਰਤੀ ਭਰ ਵੀ ਅਚਾ ਨਹੀਂ ਹੁੰਦੀ, ਇਸ ਲਈ ਹੀ ਤਾਂ ਕਿਹਾ ਹੈ :-

"ਜਿਤਨੇ ਨਰਕ ਸੇ ਮਨਮੁਖਿ ਭੋਗੈ
ਗੁਰਮੁਖਿ ਲੇਪੁ ਨਾ ਮਾਸਾ ਹੇ ॥"
(ਮਾਰੂ ਸੋਲਹੇ ਮ: ੫)

ਅਖੀਰ ਵਿਚ ਇਸ ਲੇਖ ਦਾ ਅੰਤ ਭਾਈ

(ਬਾਕੀ ਦੇਖੋ ਸਫਾ ੪)



www.AKJ.Org

# ਡਿੱਠੇ, ਸੁਣੇ ਤੇ ਹਡੀਂ ਵਾਪਰੇ ਬ੍ਰਿਤਾਂਤ (੩)

(ਭਾਈ ਸਾਹਿਬ ਭਾਈ ਸੁਰਜਨ ਸਿੰਘ ਜੀ ਗੁਜਰਵਾਲ)

## ਸਰਲੀ ਤੋਂ ਦਰਬਾਰ ਸਾਹਿਬ ਦੀ ਯਾਤਰਾ

ਸਰਲੀ ਪਿੰਡ ਤੋਂ ਸਾਰਾ ਕੀਰਤਨ ਦਾ ਕੰਮ ਸਮਾਪਤ ਕਰਕੇ, ਕਮਰਕਸੇ ਕਰ ਕੇ ਤਿਆਰੀ ਦਾ ਅਰਦਾਸਾ ਸੋਧਿਆ ਗਿਆ ਅਤੇ ਅਸੀਂ ਸਾਰੇ ਟਾਂਗਰੇ ਸਟੇਸ਼ਨ ਵਲ ਨੂੰ ਤੁਰ ਪਏ ਰਸਤੇ ਵਿਚ ਫਿਰ ਕੀਰਤਨ ਅਰੰਭ ਹੋ ਗਿਆ। ਅਸੀਂ ਟਾਂਗਰੇ ਸਟੇਸ਼ਨ ਉਤੇ ਪਹੁੰਚੇ ਤੇ ਗੱਡੀ ਵਿਚ ਬੈਠ ਗਏ। ਗੱਡੀ ਵਿਚ ਬੈਠ ਕੇ ਫਿਰ ਕੀਰਤਨ ਅਰੰਭ ਹੋ ਗਿਆ। ਅਸੀਂ ਰਾਤ ਦੇ ਬਾਰਾਂ ਵਜੇ ਦੇ ਕਰੀਬ ਸ੍ਰੀ ਅੰਮ੍ਰਿਤਸਰ ਜੀ ਪਹੁੰਚੇ। ਅਸੀਂ ਬਜ਼ਾਰਾਂ ਵਿਚੋਂ ਕੀਰਤਨ ਕਰਦੇ ਹੋਏ ਕੋਤਵਾਲੀ ਕੋਲ ਪਹੁੰਚ। ਸਾਨੂੰ ਇਥੇ ਕੋਤਵਾਲੀ ਦੇ ਸਿਪਾਹੀਆਂ ਨੇ ਕਿਹਾ, "ਸ਼ੋਰ ਨਾ ਕਰੋ। ਚੁਪ ਚਾਪ ਜਾਵੋ।" ਪਰ ਇਥੇ ਇਹੋ ਜਿਹੀਆਂ ਗਲਾਂ ਕੌਣ ਸੁਣਦਾ ਸੀ? ਸਾਰਾ ਜੱਥਾ ਆਪਣੀ ਮਸਤੀ ਵਿਚ ਕੀਰਤਨ ਕਰਦਾ ਹੋਇਆ ਦਰਬਾਰ ਸਾਹਿਬ ਜੀ ਪਹੁੰਚ ਗਿਆ। ਉਥੇ ਪਹੁੰਚ ਕੇ ਸਾਰੇ ਜਥੇ ਨੇ ਬਾਹਰ ਖੂਹ ਉਪਰ ਇਸ਼ਨਾਨ ਕੀਤਾ ਅਤੇ ਫਿਰ ਸਰੋਵਰ ਵਿਚ ਇਸ਼ਨਾਨ ਕੀਤਾ। ਇਸ ਤੋਂ ਬਾਦ ਨਿਤਨੇਮ ਕਰਕੇ ਸ੍ਰੀ ਹਰਿਮੰਦਰ ਸਾਹਿਬ ਕੀਰਤਨ ਸੁਣਨ ਵਾਸਤੇ ਬੈਠ ਗਏ। ਦਾਸ ਜਿਤੂੰ ਹੀ ਬੈਠਾ ਦਾਸ ਨੂੰ ਨੀਂਦ ਦੇ ਝਟਕੇ ਆਣ ਲਗੇ। ਕੁਛ ਦੇਰ ਬੈਠਾ ਤਾਂ ਰਿਹਾ, ਪਰ ਨੀਂਦ ਨੇ ਬਹੁਤ ਤੰਗ ਕੀਤਾ ਹੋਇਆ ਸੀ। ਦਾਸ ਦੀ ਨੀਂਦ ਵਾਲੀ ਹਾਲਤ ਵੇਖ ਕੇ ਭਾਈ ਸਾਹਿਬ ਕਹਿਣ ਲਗੇ, "ਤੂੰ ਉਠ ਜਾਹ, ਫਿਰ ਦੁਬਾਰਾ ਜਾ ਕੇ ਇਸ਼ਨਾਨ ਕਰਕੇ ਆ।" ਦਾਸ ਗਿਆ ਅਤੇ ਫਿਰ ਇਸ਼ਨਾਨ ਕਰਕੇ ਭਾਈ ਸਾਹਬ ਪਾਸ ਆਣ ਬੈਠਾ। ਜਦੋਂ ਦਿਨ ਚੜ੍ਹ ਗਿਆ ਤਾਂ ਵਿਚੋਂ ਕੁਝ ਸਿੰਘਾਂ ਨੇ ਜਾ ਕੇ ਸਰਬਲੋਹੀ ਲੰਗਰ ਸਜਾਇਆ। ਅਸੀਂ ਸਾਰੇ ਪਰਸ਼ਾਦਾ ਛਕ ਕੇ ਇਕ ਬਾਗ ਵਿਚ ਜਾ ਬਿਰਾਜੇ। ਉਪਰੰਤ ਅਸੀਂ ਗੁੱਡੀ ਚੱੜ੍ਹ ਕੇ ਕੀਰਤਨ ਕਰਦੇ ਹੋਏ ਨਾਰੰਗਵਾਲ ਪਹੁੰਚ ਗਏ।

## ਇਕ ਗੁਰਮਤ ਅਨੁਸਾਰ ਅਨੰਦ-ਕਾਰਜ

ਇਕ ਵਾਰ ਦੀ ਗੱਲ ਹੈ ਕਿ ਹੈਡ-ਮਾਸਟਰ ਧਰਮ ਸਿੰਘ ਜੀ ਫਲੇਵਾਲ ਵਾਲੇ ਦਾ ਅਨੰਦ-ਕਾਰਜ ਸੀ। ਸਾਰਾ ਜਥਾ ਅਗੇ ਅੱਗੇ ਨਿਸ਼ਾਨ ਸਾਹਿਬ ਲੈ ਕੇ ਪਿੰਡ ਭਸੌੜ ਨੂੰ ਗਿਆ। ਦਾਸ ਦੇ ਵੇਖਣ ਵਿਚ ਇਹ ਪਹਿਲਾ ਅਨੰਦ ਕਾਰਜ ਸੀ, ਜੋ ਗੁਰਮਤਿ ਅਨੁਸਾਰ ਹੋਇਆ ਸੀ। ਬੀਬੀ ਦੇ ਸਿਰ ਤੇ ਦਸਤਾਰਾ ਤੇ ਗਲੇ ਵਿਚ ਵਡੀ ਕਿਰਪਾਨ ਸਜਾਈ ਹੋਈ ਸੀ। ਇਧਰੋਂ ਸ੍ਰੀ ਮਾਨ ਭਾਈ ਸਾਹਿਬ ਸਾਡੇ ਨਾਲ ਸਨ। ਉਧਰੋਂ ਬੀਬੀ ਹੋਰਾਂ ਵਲੋਂ ਬਾਬੂ ਤੇਜਾ ਸਿੰਘ ਜੀ ਸਾਰਾ ਇੰਤਜ਼ਾਮ ਕਰਨ ਵਾਲਿਆਂ ਵਿਚੋਂ ਸਨ। ਬਾਬੂ ਤੇਜਾ ਸਿੰਘ ਜੀ ਇਕ ਮਸ਼ਹੂਰ ਸਜਣ ਸਨ, ਜਿਨ੍ਹਾਂ ਨੇ ਪਹਿਲਾਂ ਪਹਿਲ ਗੁਰਮਤਿ ਰਹਿਤ ਮਰਯਾਦਾ ਸਕੂਲ, ਬੀਬੀਆਂ ਲਈ, ਭਸੌੜ ਵਿਚ ਖੋਲ੍ਹਿਆ। ਸ੍ਰੀ ਮਾਨ ਭਾਈ ਸਾਹਿਬ ਜੀ ਇਸ ਸਕੂਲ ਦੇ ਮੈਨੇਜਰ ਜਾਂ ਜਥੇਦਾਰ ਸਨ। ਜਥਾ ਅਨੰਦ ਕਾਰਜ ਕਰਵਾ ਕੇ ਸਮੇਤ ਮਾਸਟਰ ਧਰਮ ਸਿੰਘ ਜੀ ਦੇ ਪਿੰਡ ਫਲੇਵਾਲ ਆ ਗਿਆ।

---

## ਅਖੰਡ ਕੀਰਤਨੀ ਜੱਥਾ ਪਟਿਆਲਾ ਦਾ ਹਫਤਾਵਾਰੀ ਪ੍ਰੋਗਰਾਮ:—

੯–੬–੧੯੬੬ ਵੀਰਵਾਰ, ਸ਼ਾਮ ਪੰਜ ਵਜੇ, ਪ੍ਰਾਰੰਭ ਸ੍ਰੀ ਅਖੰਡ ਪਾਠ ਜੀ, ਭਾਈ ਜੋਗਿੰਦਰ ਸਿੰਘ ਜੀ ਦੇ ਗ੍ਰਿਹ ਵਿਖੇ ਨੇੜੇ ਲਾਲ ਮਸੀਤ ਟੋਬਾ ਕਸ਼ਮੀਰੀਆਂ ਪਟਿਆਲਾ।

੧੧-੬-੧੯੬੬ ਸ਼ਨੀਵਾਰ, ਸ਼ਾਮ ਪੰਜ ਵਜੇ, ਸਮਾਪਤੀ ਸ੍ਰੀ ਅਖੰਡ ਪਾਠ ਜੀ, ਭਾਈ ਜੋਗਿੰਦਰ ਸਿੰਘ ਜੀ ਦੇ ਗ੍ਰਿਹ ਵਿਖੇ।

੧੧-੬-੧੯੬੬ ਸ਼ਨੀਵਾਰ ਸ਼ਾਮ ਸਾਢੇ ਅਠ ਵਜੇ; ਪ੍ਰਾਰੰਭ ਰੈਣ ਸਬਾਈ ਕੀਰਤਨ, ਗੁਰਦਵਾਰਾ ਖਾਲਸਾ ਸੇਵਕ ਜੱਥਾ, ਅਨਾਰਦਾਨਾ ਚੌਕ ਪਟਿਆਲਾ। (ਬਾਕੀ ਵੇਖੋ ਪਿਛਲੇ ਸਫੇ ਤੇ)



www.AKJ.Org

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ

੧. ਜੇਲ੍ਹ ਚਿੱਠੀਆਂ ੫-੦੦
੨. ਗੁਰਮਤ ਨਾਮ ਅਭਿਆਸ ਕਮਾਈ ੨-੫੦
੩. ਗੁਰਮਤ ਲੇਖ ੨-੫੦
੪. ਗੁਰਮਤ ਬਿਬੇਕ ੩-੦੦
੫. ਸੱਚਖੰਡ ਦਰਸ਼ਨ ੦-੭੫
੬. ਕੀ ਗੁਰੂ ਗਰੰਥ ਸਾਹਿਬ ਦੀ ਪੂਜਾ ਬੁਤ ਪ੍ਰਸਤੀ ਹੈ? ੧-੦੦
੭. ਚਰਨ ਕਮਲ ਕੀ ਮਉਜ ੦-੮੮
੮. ਅਣਡਿਠੀ ਦੁਨੀਆਂ ੩-੫੦
੯. ਕਰਮ ਫਿਲਾਸਫੀ ੫-੦੦
੧੦. ਅਨਹਦ ਸ਼ਬਦ ਦਸਮ ਦੁਆਰ ੨-੫੦
੧੧. ਗੁਰਮਤ ਸਚ ਨਿਰਣੇ ੨-੫੦
੧੨. ਅੰਮ੍ਰਿਤ ਕਲਾ ੦-੩੭
੧੩. ਅੰਮ੍ਰਿਤ ਕੀ ਹੈ? ੦-੩੦
੧੪. ਸੁਪਨਾ ੦-੨੫
੧੫. ਬਾਬਾ ਵੈਦ ਰੋਗੀਆਂ ਦਾ ੦-੧੨
੧੬. ਗਯਾਨ ਚਾਨਣਾ ੦-੬-
੧੭. ਹਉਮੈ ਨਾਵੈ ਨਾਲਿ ਵਿਰੋਧ ੦-੨੦
੧੮. ਦਰਸ਼ਨ ਝਲਕਾਂ (ਕਵਿਤਾ) ੧-੫੦
੧੯. ਜੋਤਿ ਵਿਗਾਸ (ਕਵਿਤਾ) ੫-੦੦
੨੦. ਕਥਾ ਕੀਰਤਨ ੨-੦੦
੨੧. ਰੰਗਲੇ ਸਜਣ ੨-੫੦
੨੨. ਸਿੱਖ ਕੌਣ ਹੈ? ੦-੧੫
੨੩. ਆਸਤਕ ਨਾਸਤਕ ੦-੧੨
੨੪. ਕੋ ਵਿਰਲਾ ਗੁਰਮਤ ਚਲੈ ੦-੨੦
੨੫. ਸਚੀਆਂ ਦਾਹੜੀਆਂ ੦-੧੨
੨੬. ਸੰਤ ਪਦ ਨਿਰਣੇ ੧-੫੦
੨੭. ਗੁਰਮਤ ਰਮਜ਼ਾਂ ੦-੬੨
੨੮. ਗੁਰਬਾਣੀ ਦੀਆਂ ਲਗਾਂ ਮਾਤਰਾਂ ਦੀ ਵਿਲਖਣਤਾ ੫-੦੦
੨੯. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ ੦-੧੦
੩੦. ਸਿੰਘਾਂ ਦਾ ਪੰਥ ਨਿਰਾਲਾ ੦-੪੦
੩੧. ਅਕਾਲ ਪੁਰਖ ਦੇ ਪ੍ਰਤੱਖ ਦਰਸ਼ਨ ੦-੨੦
੩੨. ਵਾਹਿਗੁਰੂ ਸਿਮਰਣ ੦-੧੫
੩੩. ਗੁਰਮਤ ਪ੍ਰਕਾਸ਼ ੬-੫੦
੩੪. ਸਿਖੀ ਸਿਦਕ ਤੇ ਧਰਮ ਰਖਿਆ ੦-੨੦
੩੫. ਨਿਰਬਾਣ ਕੀਰਤਨੀ ਜੱਥੇ ਦੇ ਸਿੰਘਾਂ ਦੀ ਦਾਸਤਾਨ ੦-੩੦
੩੬. ਝਟਕਾ ਮਾਸ ਪਰਥਾਇ ਤੱਤ ਗੁਰਮਤਿ ਨਿਰਣਯ ੧-੪੦

ਮਿਲਣ ਦਾ ਪਤਾ:-
ਅਖੰਡ ਕੀਰਤਨੀ ਜੱਥਾ, ੫੯੪/੩ ਖ਼ਾਲਸਾ ਮਹੱਲਾ, ਪਟਿਆਲਾ

(ਅੰਦਰਲੇ ਸਫੇ ਦੀ ਬਾਕੀ)

੧੨-੬-੧੯੬੬ ਐਤਵਾਰ ਅੰਮ੍ਰਿਤ ਵੇਲੇ ਸਮਾਪਤੀ ਰੈਣ ਸਬਾਈ ਕੀਰਤਨ।

੧੯-੬-੧੯੬੬ ਐਤਵਾਰ ਅੰਮ੍ਰਿਤ ਵੇਲੇ ਪੰਜ ਵਜੇ ਤੋਂ ਦਿਨ ਸੁਵੇਲਾ ਕੀਰਤਨ। ਸ: ਕੁਲਵੰਤ ਸਿੰਘ ਜੀ ਬੀ. ਡੀ. ਓ. ਦੇ ਗ੍ਰਿਹ ਵਿਖੇ ਨੇੜੇ ਅਨਾਰਦਾਨਾ ਚੌਕ ਪਟਿਆਲਾ।

੨੬-੬-੧੯੬੬ ਐਤਵਾਰ, ਅੰਮ੍ਰਿਤ ਵੇਲੇ ਪੰਜ ਵਜੇ ਤੋਂ ਦਿਨ ਸੁਵੇਲਾ ਕੀਰਤਨ। ਸ: ਸੋਹਣ ਸਿੰਘ ਜੀ, ਮਕਾਨ ਨੰਬਰ ੧੬੯ ਟੋਬਾ ਬਾਬਾ ਬੀਜਾ ਸਿੰਘ (ਟੋਬਾ ਬਾਬਾ ਧਿਆਨਾ) ਨੇੜੇ ਅਨਾਰਦਾਨਾ ਚੌਕ, ਪਟਿਆਲਾ।

੨-੭-੧੯੬੬ ਸ਼ਨੀਵਾਰ ਸ਼ਾਮ ਸਾਢੇ ਅਠ ਵਜੇ ਪ੍ਰਾਰੰਭ ਰੈਣ ਸਬਾਈ ਕੀਰਤਨ, ਭਾਈ ਅਜੀਤ ਸਿੰਘ ਜੀ ਸੋਢੇ ਵਾਲੇ, ਮਕਾਨ ਨੰਬਰ ੪੪੦/੩ ਮਹੱਲਾ ਖਰਾਸੀਆਂ, ਪਟਿਆਲਾ।

੩-੭-੧੯੬੬ ਸਮਾਪਤੀ ਰੈਣ ਸਬਾਈ ਕੀਰਤਨ ਅੰਮ੍ਰਿਤ ਵੇਲੇ।

ਨੋਟ:—ਹਰ ਸਮਾਗਮ ਤੇ ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ ਮਿਲ ਸਕਦੀਆਂ ਹਨ।

www.AKJ.Org